STATE OF WASHINGTON
DEPARTMENT OF SOCIAL AND HEALTH SERVICES
DIVISION OF CHILD SUPPORT (DCS)

# ਗੈਰ-ਸਹਾਇਤਾ ਸੱਪੋਰਟ ਦੀ ਤਾਮੀਲ ਬਾਰੇ ਜਾਣਕਾਰੀ

## Nonassistance Support Enforcement Information

(ਚੈਪਟਰ 26.18, 26.23, 34.05, 74.20 ਅਤੇ 74.20A RCW)

**ਇਸ ਫਾਰਮ ਨੂੰ ਸੰਭਾਲ ਕੇ ਰੱਖੋ; ਇਸ ਵਿੱਚ ਤੁਹਾਡੇ ਚਾਈਲਡ ਸੱਪੋਰਟ ਕੇਸ ਦੇ ਬਾਰੇ ਜ਼ਰੂਰੀ ਕਾਨੂੰਨੀ ਜਾਣਕਾਰੀ ਹੈ**

### ਤੁਹਾਡੇ ਸੱਪੋਰਟ ਆਰਡਰ ਨਾਲ ਸਬੰਧਤ ਪੱਖ

ਤੁਹਾਡੇ ਸੱਪੋਰਟ ਆਰਡਰ ਨਾਲ ਸਬੰਧਤ ਦੋ ਪੱਖ ਗੈਰ-ਨਿਗਰਾਨ ਮਾਤਾ/ਪਿਤਾ ਅਤੇ ਨਿਗਰਾਨ ਮਾਤਾ/ਪਿਤਾ ਜਾਂ ਭੌਤਿਕ ਨਿਗਰਾਨ ਹਨ। ਗੈਰ-ਨਿਗਰਾਨ ਮਾਤਾ/ਪਿਤਾ ਉਹ ਵਿਅਕਤੀ ਹੈ ਜਿਸ ਲਈ ਜੀਵਨ-ਨਿਰਬਾਹ ਦਾ ਖਰਚਾ ਅਰਥਾਤ ਸੱਪੋਰਟ ਦੇਣੀ ਜ਼ਰੂਰੀ ਹੈ। ਨਿਗਰਾਨ ਮਾਤਾ/ਪਿਤਾ ਜਾਂ ਭੌਤਿਕ ਨਿਗਰਾਨ ਉਹ ਵਿਅਕਤੀ ਹੈ, ਜਿਸ ਨਾਲ ਬੱਚਾ ਆਮ ਤੌਰ ਤੇ ਰਹਿੰਦਾ ਹੈ। ਗੈਰ-ਨਿਗਰਾਨ ਅਤੇ ਨਿਗਰਾਨ, ਦੋਵੇਂ ਮਾਤਾ/ਪਿਤਾ, ਨੂੰ ਬੱਚੇ ਲਈ ਸਿਹਤ ਬੀਮਾ ਅਤੇ/ਜਾਂ ਮੈਡੀਕਲ ਸੱਪੋਰਟ ਦੇਣੀ ਪੈ ਸਕਦੀ ਹੈ।

- ਮੈਡੀਕਲ ਸੱਪੋਰਟ ਵਿੱਚ ਗੈਰ-ਬੀਮਾ ਡਾਕਟਰੀ ਖਰਚੇ ਦਾ ਅਨੁਪਾਤੀ ਹਿੱਸਾ ਅਤੇ, ਜੇ ਸਿਹਤ ਬੀਮਾ ਨਹੀਂ ਕੀਤਾ ਗਿਆ ਹੈ ਅਤੇ ਜੇ ਤੁਹਾਡਾ ਆਰਡਰ ਇਸ ਦੀ ਮੰਗ ਕਰਦਾ ਹੈ, ਮੈਡੀਕਲ ਪ੍ਰੀਮਿਅਮ ਦਾ ਇੱਕ ਹਿੱਸਾ (ਕੈਸ਼ ਭੁਗਤਾਨ) ਸ਼ਾਮਲ ਹਨ।

### ਡਿਵੀਜ਼ਨ ਆੱਫ ਚਾਈਲਡ ਸੱਪੋਰਟ

ਡਿਵੀਜ਼ਨ ਆੱਫ ਚਾਈਲਡ ਸੱਪੋਰਟ (DCS) ਦੇ ਪੂਰੀ ਸਟੇਟ ਵਿੱਚ ਵੱਖ ਵੱਖ ਥਾਂਵਾਂ ਤੇ ਆਫਿਸ ਹਨ। DCS ਚਾਈਲਡ ਸੱਪੋਰਟ ਦੇ ਮਾਮਲਿਆਂ ਦਾ ਪਰਬੰਧ ਕਰਦਾ ਹੈ ਅਤੇ ਹੁਕਮਾਂ ਦੀ ਤਾਮੀਲ ਕਰਵਾਉਂਦਾ ਹੈ। ਤੁਹਾਡੇ ਸੱਪੋਰਟ ਆਰਡਰ ਦੀ ਤਾਮੀਲ ਕਰਵਾਉਣ ਲਈ ਜ਼ਰੂਰੀ ਹੈ ਕਿ ਕੋਈ ਇੱਕ ਪੱਖ *ਸੱਪੋਰਟ ਤਾਮੀਲ ਸੇਵਾਵਾਂ* (support enforcement services) ਨੂੰ ਇਸ ਬਾਰੇ ਲਿਖਤ ਬੇਨਤੀ ਕਰੇ।

ਜੇ ਤੁਹਾਡੇ ਸੱਪੋਰਟ ਆਰਡਰ ਮੁਤਾਬਕ ਪੈਸਿਆਂ ਦਾ ਭੁਗਤਾਨ 'ਵਾਸ਼ਿੰਗਟਨ ਸਟੇਟ ਸੱਪੋਰਟ ਰਜਿਸਟਰੀ' (ਅਗਲਾ ਭਾਗ ਵੇਖੋ) ਰਾਹੀਂ ਹੋਣੀ ਹੈ ਪਰ DCS ਨੂੰ ਸੇਵਾਵਾਂ ਲਈ ਬੇਨਤੀ ਨਹੀਂ ਮਿਲਦੀ, ਤਾਂ DCS ਤੁਹਾਡੇ ਲਈ *ਸਿਰਫ ਭੁਗਤਾਨ ਸੇਵਾਵਾਂ* (PSO) ਵਾਲਾ ਕੇਸ ਖੋਲ੍ਹੇਗਾ। PSO ਵਾਲੇ ਮਾਮਲਿਆਂ ਵਿੱਚ DCS ਸਿਰਫ ਭੁਗਤਾਨ ਲਈ ਕਾਗਜ਼ ਤਿਆਰ ਕਰਨ ਅਤੇ ਰਿਕਾਰਡ ਰੱਖਣ ਦਾ ਕੰਮ ਕਰਦਾ ਹੈ।

### ਵਾਸ਼ਿੰਗਟਨ ਸਟੇਟ ਸੱਪੋਰਟ ਰਜਿਸਟਰੀ

ਵਾਸ਼ਿੰਗਟਨ ਸਟੇਟ ਸੱਪੋਰਟ ਰਜਿਸਟਰੀ *(WSSR), DCS* ਦਾ ਇੱਕ ਹਿੱਸਾ ਹੈ ਅਤੇ ਉਹ ਰਿਕਾਰਡ ਰੱਖਣ ਅਤੇ ਸੱਪੋਰਟ ਦੀਆਂ ਰਕਮਾਂ ਵੰਡਣ ਦਾ ਕੰਮ ਕਰਦੀ ਹੈ। *DCS* ਤੁਹਾਡੇ ਸੱਪੋਰਟ ਆਰਡਰ ਨੂੰ *WSSR* ਵਿੱਚ ਤਾਂ ਹੀ ਦਰਜ ਕਰੇਗਾ ਜੇ ਹੇਠਲੀਆਂ ਦੋ ਗੱਲਾਂ ਵਿੱਚੋਂ ਕੋਈ ਇੱਕ ਗੱਲ ਹੁੰਦੀ ਹੈ:

1. ਤੁਹਾਡੇ ਸੱਪੋਰਟ ਆਰਡਰ ਸਬੰਧਤ ਕੋਈ ਪੱਖ DCS ਨੂੰ ਸੱਪੋਰਟ ਤਾਮੀਲ ਸੇਵਾਵਾਂ ਲਈ ਬੇਨਤੀ ਕਰਦਾ ਹੈ।
2. ਤੁਹਾਡੇ ਸੱਪੋਰਟ ਆਰਡਰ ਮੁਤਾਬਕ ਗੈਰ-ਨਿਗਰਾਨ ਮਾਤਾ/ਪਿਤਾ ਨੇ ਸੱਪੋਰਟ ਦੀ ਰਕਮ ਦਾ ਭੁਗਤਾਨ WSSR ਰਾਹੀਂ ਕਰਨਾ ਹੈ।

### ਤੁਹਾਡੇ ਲਈ ਕੀ ਕਰਨਾ ਜ਼ਰੂਰੀ ਹੈ

ਜੇ ਤੁਸੀਂ DCS ਨੂੰ ਸੱਪੋਰਟ ਤਾਮੀਲ ਸੇਵਾਵਾਂ ਲਈ ਆਖਦੇ ਹੋ ਤਾਂ ਤੁਹਾਡੇ ਲਈ ਹੇਠਲੇ ਕੰਮ ਕਰਨੇ ਜ਼ਰੂਰੀ ਹਨ:

1. ਉਹ ਸਾਰੀਆਂ ਰਕਮਾਂ DCS ਨੂੰ ਭੇਜਣਾ ਜੋ ਤੁਹਾਨੂੰ ਗੈਰ-ਨਿਗਰਾਨ ਮਾਤਾ/ਪਿਤਾ ਕੋਲੋਂ ਸਿੱਧੀਆਂ ਮਿਲਣ। ਤੁਹਾਡੇ ਕੇਸ ਵਿੱਚ ਕਾਰਵਾਈ ਕਰਨ ਲਈ DCS ਕੋਲ ਸਾਰੇ ਭੁਗਤਾਨਾਂ ਦਾ ਰਿਕਾਰਡ ਹੋਣਾ ਜ਼ਰੂਰੀ ਹੈ। ਜੇ DCS ਦੀਆਂ ਸੇਵਾਵਾਂ ਮੰਗਣ ਤੋਂ ਪਹਿਲਾਂ ਤੁਹਾਨੂੰ ਕੁਝ ਸੱਪੋਰਟ ਰਕਮਾਂ ਮਿਲੀਆਂ ਸਨ ਤਾਂ ਇਹਨਾਂ ਭੁਗਤਾਨਾਂ ਦੀ ਸੂਚੀ ਸਮੇਤ ਇੱਕ ਬਿਆਨ DCS ਨੂੰ ਦੇਣਾ ਜ਼ਰੂਰੀ ਹੈ। ਜੇ ਤੁਸੀਂ DCS ਨੂੰ ਗੈਰ-ਨਿਗਰਾਨ ਮਾਤਾ/ਪਿਤਾ ਕੋਲੋਂ ਸਿੱਧਾ ਮਿਲੀਆਂ ਰਕਮਾਂ ਭੇਜਦੇ ਹੋ ਤਾਂ DCS ਇਹਨਾਂ ਰਕਮਾਂ ਨੂੰ ਤੁਹਾਡੇ DCS ਡੈਬਿਟ ਕਾਰਡ ਵਿੱਚ ਲੋਡ ਕਰ ਦੇਵੇਗਾ ਜਾਂ ਤੁਹਾਡੇ ਡਾਇਰੈਕਟ ਡਿਪਾਜ਼ਿਟ ਖਾਤੇ ਵਿੱਚ ਜਮ੍ਹਾ ਕਰਵਾ ਦੇਵੇਗਾ।
2. ਜੇ ਤੁਸੀਂ ਆਪਣਾ ਪਤਾ ਜਾਂ ਟੈਲੀਫੋਨ ਨੰਬਰ ਬਦਲਦੇ ਹੋ ਤਾਂ ਇਸਦੀ ਖਬਰ DCS ਨੂੰ ਦੇਣਾ। ਤੁਹਾਡੇ ਕੇਸ ਬਾਰੇ ਤੁਹਾਨੂੰ ਸੰਪਰਕ ਕਰਨ ਲਈ DCS ਨੂੰ ਇਸ ਜਾਣਕਾਰੀ ਦੀ ਲੋੜ ਹੈ। DCS ਤੁਹਾਨੂੰ ਫਸਟ ਕਲਾਸ ਮੇਲ ਰਾਹੀਂ ਨੋਟਿਸ ਭੇਜ ਸਕਦਾ ਹੈ।
3. ਜੇ ਤੁਸੀਂ ਗੈਰ-ਨਿਗਰਾਨ ਮਾਤਾ/ਪਿਤਾ ਨਾਲ ਦੁਬਾਰਾ ਇਕੱਠੇ ਹੋ ਜਾਂਦੇ ਹੋ ਜਾਂ ਜੇ ਬੱਚੇ ਕਿਸੇ ਹੋਰ ਥਾਂ ਤੇ ਰਹਿਣ ਲਈ ਚਲੇ ਜਾਂਦੇ ਹਨ, ਤਾਂ ਇਸ ਬਾਰੇ DCS ਨੂੰ ਫੌਰਨ ਦੱਸੋ। ਜਦੋਂ ਵੀ DCS ਕੋਈ ਵਾਧੂ ਜਾਣਕਾਰੀ ਮੰਗੇ ਤੁਹਾਡੇ ਲਈ ਉਹ ਜਾਣਕਾਰੀ ਦੇਣਾ ਜ਼ਰੂਰੀ ਹੈ।
4. ਜੇ ਸੱਪੋਰਟ ਰਕਮ ਦੀ ਉਗਰਾਹੀ ਕਰਨ ਲਈ ਤੁਸੀਂ ਕੋਈ ਵਕੀਲ ਜਾਂ ਪ੍ਰਾਈਵੇਟ ਏਜੰਸੀ ਨਿਯੁਕਤ ਕਰਦੇ ਹੋ ਤਾਂ ਇਸਦੀ ਖਬਰ DCS ਨੂੰ ਦੇਣਾ। ਤੁਹਾਡੇ ਲਈ ਉਸ ਵਕੀਲ ਜਾਂ ਪ੍ਰਾਈਵੇਟ ਏਜੰਸੀ ਦਾ ਨਾਂ ਅਤੇ ਪਤਾ DCS ਨੂੰ ਦੱਸਣਾ ਦੇਣਾ ਜ਼ਰੂਰੀ ਹੈ। ਤੁਹਾਡੇ ਲਈ DCS ਨੂੰ ਇਹ ਦੱਸਣਾ ਜ਼ਰੂਰੀ ਹੈ ਕਿ ਵਕੀਲ ਜਾਂ ਪ੍ਰਾਈਵੇਟ ਏਜੰਸੀ ਕੀ ਕੰਮ ਕਰਨਗੇ।
   a. ਜੇ ਕੋਈ ਵਕੀਲ ਜਾਂ ਪ੍ਰਾਈਵੇਟ ਏਜੰਸੀ ਤੁਹਾਡੀ ਸੱਪੋਰਟ ਰਕਮ ਦੀ ਉਗਰਾਹੀ ਕਰਨ ਦੀ ਕੋਸ਼ਸ਼ ਕਰ ਰਹੇ ਹੋਣਗੇ ਤਾਂ DCS ਤੁਹਾਡੀ ਸੱਪੋਰਟ ਦੀ ਉਗਰਾਹੀ ਕਰਨ ਵਿੱਚ ਅਸਫਲ ਹੋ ਸਕਦਾ ਹੈ।
   b. ਜੇ ਤੁਸੀਂ ਆਪਣੇ ਸੱਪੋਰਟ ਆਰਡਰ ਨੂੰ ਤਬਦੀਲ ਕਰਨ ਲਈ ਕੋਈ ਵਕੀਲ ਨਿਯੁਕਤ ਕਰਦੇ ਹੋ ਤਾਂ ਤੁਹਾਡੇ ਲਈ ਜਾਂ ਤੁਹਾਡੇ ਵਕੀਲ ਲਈ ਗੈਰ-ਨਿਗਰਾਨ ਮਾਤਾ/ਪਿਤਾ ਨੂੰ ਅਤੇ DCS ਨੂੰ ਇਸ ਬਾਰੇ ਨੋਟਿਸ ਦੇਣਾ ਜ਼ਰੂਰੀ ਹੈ।
5. ਤੁਹਾਡੇ ਕੇਸ ਵਿੱਚ ਦਾਖਲ ਕੀਤੇ ਸਾਰੇ ਸੱਪੋਰਟ ਆਰਡਰਾਂ ਦੀਆਂ ਕਾਪੀਆਂ ਦੇਣਾ ਜਾਂ ਪ੍ਰਾਪਤ ਕਰਨ ਵਿੱਚ ਮਦਦ ਕਰਨਾ।

**ਗੈਰ-ਸਹਾਇਤਾ ਸੱਪੋਰਟ ਤਾਮੀਲ ਸੇਵਾਵਾਂ ਪ੍ਰਾਪਤ ਕਰਨ ਲਈ ਸ਼ਰਤਾਂ**

ਜੇ ਉਸ ਬੱਚੇ ਦੀ ਕਾਨੂੰਨੀ ਨਿਗਰਾਨੀ ਤੁਹਾਡੇ ਕੋਲ ਨਹੀਂ ਹੈ ਜਿਸ ਲਈ ਤੁਸੀ ਸੱਪੋਰਟ ਤਾਮੀਲ ਸੇਵਾਵਾਂ ਲਈ ਬੇਨਤੀ ਕਰ ਰਹੇ ਹੋ, ਤਾਂ ਤੁਹਾਨੂੰ ਇਹ ਬਿਆਨ ਦੇਣਾ ਪਵੇਗਾ ਕਿ ਤੁਸੀਂ ਬੱਚੇ ਨੂੰ ਕਾਨੂੰਨੀ ਨਿਗਰਾਨ ਕੋਲੋਂ ਨਾਜਾਇਜ਼ ਢੰਗ ਨਾਲ ਦੂਰ ਨਹੀਂ ਰੱਖ ਰਹੇ ਹੋ।

ਜੇ ਤੁਹਾਨੂੰ ਲੋੜਵੰਦ ਪਰਿਵਾਰਾਂ ਲਈ ਆਰਜ਼ੀ ਸਹਾਇਤਾ (TANF), ਕਬੀਲਿਆਂ ਲਈ TANF ਜਾਂ ਆਸ਼੍ਰਿਤ ਬੱਚਿਆਂ ਵਾਲੇ ਪਰਿਵਾਰਾਂ ਲਈ ਮਦਦ (AFDC) **ਕਦੇ ਨਹੀਂ ਮਿਲੀ**, ਤਾਂ ਹਰ ਉਸ ਵਿੱਤੀ ਸਾਲ ਲਈ ਜਦੋਂ DCS ਤੁਹਾਨੂੰ ਸੱਪੋਰਟ ਵਜੋਂ $550 ਭੇਜੇਗਾ, ਉਹ ਤੁਹਾਡੇ ਕੋਲੋਂ $35 ਫੀਸ ਦੇ ਤੌਰ ਤੇ ਉਗਰਾਹੇਗਾ। DCS ਇਹ ਫੀਸ ਕਿਸੇ ਵੀ ਬੱਚੇ ਲਈ ਲੈਂਦਾ ਹੈ। ਵਿੱਤੀ ਵਰ੍ਹਾ, ਹਰ ਸਾਲ 1 ਅਕਤੂਬਰ ਤੋਂ ਸ਼ੁਰੂ ਹੁੰਦਾ ਹੈ ਅਤੇ 30 ਸਿਤੰਬਰ ਨੂੰ ਖਤਮ ਹੁੰਦਾ ਹੈ। ਪਹਿਲੇ $550 ਤੁਹਾਨੂੰ ਭੇਜਣ ਦੇ ਬਾਅਦ DCS ਸੱਪੋਰਟ ਦੇ ਪੈਸਿਆਂ ਵਿੱਚੋ $35 ਫੀਸ ਵਜੋਂ ਰੱਖ ਲੈਂਦਾ ਹੈ। ਜੇ ਤੁਹਾਡੇ ਇੱਕ ਤੋਂ ਵੱਧ ਕੇਸ ਹਨ ਕਿਉਂਕਿ ਤੁਹਾਡੇ ਬੱਚਿਆਂ ਦੇ ਵੱਖ-ਵੱਖ ਪਿਤਾ ਹਨ, ਤਾਂ ਤੁਹਾਡੇ ਕੋਲੋਂ ਇੱਕ ਤੋਂ ਵੱਧ ਸਾਲਾਨਾ ਫੀਸ ਲਈ ਜਾ ਸਕਦੀ ਹੈ। ਜੇ ਤੁਹਾਨੂੰ ਕਿਸੇ ਹੋਰ ਸਟੇਟ ਵਲੋਂ TANF, ਕਬੀਲਿਆਂ ਲਈ TANF ਜਾਂ AFDC ਮਿਲਿਆ ਸੀ ਤਾਂ ਉਸਦਾ ਸਬੂਤ, ਜਿਵੇਂ ਕਿਸੇ ਦੂਸਰੀ ਸਟੇਟ ਦੀ ਪਬਲਿਕ ਸਹਾਇਤਾ ਏਜੰਸੀ ਵਲੋਂ ਸੌਂਹ ਹੇਠ ਦਿੱਤਾ ਬਿਆਨ ਜਾਂ ਤੁਹਾਨੂੰ ਮਿਲਣ ਵਾਲੀ ਸਹਾਇਤਾ ਦੇ ਤਸਦੀਕਸ਼ੁਦਾ ਰਿਕਾਰਡ ਦੀ ਕਾਪੀ, DCS ਨੂੰ ਭੇਜਣੀ ਜ਼ਰੂਰੀ ਹੈ। ਜਦੋਂ ਤਕ DCS ਨੂੰ ਸਬੂਤ ਨਹੀਂ ਮਿਲੇਗਾ, ਉਹ ਫੀਸ ਲੈਣਾ ਜਾਰੀ ਰਖੇਗਾ। ਜੇ ਤੁਹਾਡੇ ਪਰਿਵਾਰ ਲਈ $35 ਫ਼ੀਸ ਦਾ ਭੁਗਤਾਨ ਕਰਨਾ ਬਹੁਤ ਮੁਸ਼ਕਿਲ ਹੈ, ਤਾਂ ਤੁਸੀਂ ਕਾੱਨਫ਼ਰੰਸ ਬੋਰਡ ਨੂੰ ਬੇਨਤੀ ਕਰਕੇ DCS ਨੂੰ ਛੋਟ ਦੇਣ ਲਈ ਕਹਿ ਸਕਦੇ ਹੋ।

**ਸੱਪੋਰਟ ਤਾਮੀਲ ਸੇਵਾਵਾਂ**

ਜੇ ਤੁਹਾਡੇ ਕੋਲ ਕੋਈ ਸੱਪੋਰਟ ਆਰਡਰ ਹੈ ਜਿਸ ਵਿੱਚ ਸੱਪੋਰਟ ਦੀ ਰਕਮ ਤੈਅ ਕੀਤੀ ਗਈ ਹੈ ਤਾਂ DCS ਉਸ ਰਕਮ ਦੀ ਉਗਰਾਹੀ ਕਰਨ ਦੀ ਕੋਸ਼ਸ਼ ਕਰੇਗਾ। DCS ਆਮ ਤੌਰ ਤੇ ਤੁਹਾਡੇ ਆਰਡਰ ਮੁਤਾਬਕ ਹੋਣ ਵਾਲੇ ਵਿਆਜ ਨੂੰ ਕੱਢਣ ਅਤੇ ਉਸ ਦੀ ਉਗਰਾਹੀ ਦਾ ਕੰਮ ਨਹੀਂ ਕਰਦਾ। ਕੁਝ ਮਾਮਲਿਆਂ ਵਿੱਚ, ਉਗਰਾਹੀ ਦੀ ਕਾਰਵਾਈ ਸ਼ੁਰੂ ਕਰਨ ਤੋਂ ਪਹਿਲਾਂ DCS ਲਈ ਸੱਪੋਰਟ ਆਰਡਰ ਦੇ ਦੋਨਾਂ ਪੱਖਾਂ ਨੂੰ ਨੋਟਿਸ ਦੇਣਾ ਜ਼ਰੂਰੀ ਹੁੰਦਾ ਹੈ।

ਜੇ ਤੁਹਾਡੇ ਕੋਲ ਸੱਪੋਰਟ ਆਰਡਰ ਨਹੀਂ ਹੈ ਜਾਂ ਤੁਹਾਡੇ ਸੱਪੋਰਟ ਆਰਡਰ ਵਿੱਚ ਚਾਈਲਡ ਸੱਪੋਰਟ ਅਤੇ ਮੈਡੀਕਲ ਸੱਪੋਰਟ ਬਾਬਤ ਫੈਸਲਾ ਨਹੀਂ ਹੈ, ਤਾਂ DCS ਸੱਪੋਰਟ ਆਰਡਰ ਦੇ ਦੋਨਾਂ ਪੱਖਾਂ ਨੂੰ ਨੋਟਿਸ ਭੇਜੇਗਾ।

1. ਇਸ ਨੋਟਿਸ ਵਿੱਚ DCS ਲੋੜ ਮੁਤਾਬਕ ਚਾਈਲਡ ਸੱਪੋਰਟ ਅਤੇ ਮੈਡੀਕਲ ਸੱਪੋਰਟ ਤੈਅ ਕਰੇਗਾ। ਚਾਈਲਡ ਸੱਪੋਰਟ ਦੀ ਰਕਮ ਨੂੰ DCS ਦੋਨਾਂ ਪੱਖਾਂ ਦੀ ਕੁਲ ਆਮਦਨੀ ਅਤੇ ਬੱਚਿਆਂ ਦੀ ਸੰਖਿਆ ਦੇ ਆਧਾਰ ਤੇ ਤੈਅ ਕਰੇਗਾ।
2. ਜੇ ਸਿਹਤ ਬੀਮਾ ਮਾਤਾ/ਪਿਤਾ ਦੇ ਨੌਕਰੀਦਾਤਾ ਜਾਂ ਯੂਨੀਅਨ ਵਲੋਂ ਉਪਲਬਧ ਹੈ ਜਾਂ ਜੇ ਉਸਦਾ ਖਰਚਾ ਮਾਤਾ/ਪਿਤਾ ਦੀ ਮੂਲ ਸੱਪੋਰਟ ਜ਼ਿਮੇਵਾਰੀ ਦੇ 25 ਫੀਸਦੀ ਤੋਂ ਘੱਟ ਹੈ, ਤਾਂ ਤੁਹਾਡੇ ਆਰਡਰ ਵਿੱਚ ਹਰ ਸਬੰਧਤ ਮਾਤਾ/ਪਿਤਾ ਲਈ ਸਿਹਤ ਬੀਮਾ ਕਰਵਾਉਣ ਦਾ ਪ੍ਰਾਵਧਾਨ ਹੋਣਾ ਜ਼ਰੂਰੀ ਹੈ।
3. ਜੇ ਸਬੰਧਤ ਮਾਤਾ/ਪਿਤਾ ਦੁਆਰਾ ਸਿਹਤ ਬੀਮਾ ਨਹੀਂ ਕਰਵਾਇਆ ਗਿਆ ਹੈ ਤਾਂ ਜਾਂ ਤਾਂ ਤੁਹਾਡੇ ਵਲੋਂ ਜਾਂ ਸਟੇਟ ਵਲੋਂ ਕੀਤੇ ਗਏ ਬੀਮੇ ਦੇ ਪ੍ਰੀਮਿਅਮ ਦੇ ਭੁਗਤਾਨ ਲਈ ਆਰਡਰ ਵਿੱਚ ਮੈਡੀਕਲ ਸੱਪੋਰਟ ਦੀ ਜ਼ਿੰਮੇਵਾਰੀ ਦਾ ਪ੍ਰਾਵਧਾਨ ਹੋ ਸਕਦਾ ਹੈ

ਜੇ ਤੁਹਾਡੇ ਸੱਪੋਰਟ ਆਰਡਰ ਵਿੱਚ ਸੱਪੋਰਟ ਦੀ ਰਕਮ ਤੈਅ ਨਹੀਂ ਕੀਤੀ ਗਈ ਹੈ, ਪਰ ਸਟੇਟ ਕੋਲ ਰਕਮ ਨਿਰਧਾਰਤ ਕਰਨ ਦਾ ਫਾਰਮਮੂਲਾ ਹੈ, ਤਾਂ DCS ਸੱਪੋਰਟ ਆਰਡਰ ਦੇ ਦੋਨਾਂ ਪੱਖਾਂ ਨੂੰ ***ਸੱਪੋਰਟ ਦੀ ਦੇਣਦਾਰੀ ਦਾ ਨੋਟਿਸ*** ਜਾਰੀ ਕਰੇਗੀ।

1. ਇਸ ਨੋਟਿਸ ਵਿੱਚ DCS ਸੱਪੋਰਟ ਦੀ ਇੱਕ ਰਕਮ ਤੈਅ ਕਰੇਗਾ। ਸੱਪੋਰਟ ਆਰਡਰ ਦਾ ਕੋਈ ਵੀ ਪੱਖ DCS ਦੁਆਰਾ ਤੈਅ ਕੀਤੀ ਸੱਪੋਰਟ ਦੀ ਰਕਮ ਤੇ ਇਤਰਾਜ਼ ਕਰਨ ਲਈ ਸੁਣਵਾਈ ਦੀ ਮੰਗ ਕਰ ਸਕਦਾ ਹੈ।
2. DCS ਤੁਹਾਡੇ ਸੱਪੋਰਟ ਆਰਡਰ ਦੇ ਦੋਨੋ ਪੱਖਾਂ ਵਿਚਕਾਰ ਸੱਪੋਰਟ ਦੀ ਰਕਮ ਬਾਰੇ ਸਮਝੌਤਾ ਕਰਵਾਉਣ ਦੀ ਕੋਸ਼ਸ਼ ਕਰ ਸਕਦਾ ਹੈ।

ਜਦੋਂ ਸੱਪੋਰਟ ਦੀ ਰਕਮ ਪੱਕੀ ਤੈਅ ਹੋ ਜਾਂਦੀ ਹੈ ਅਤੇ ਜੇ DCS ਗੈਰ-ਨਿਗਰਾਨ ਮਾਤਾ/ਪਿਤਾ ਦੇ ਨੌਕਰੀਦਾਤਾ ਨੂੰ ਜਾਣਦਾ ਹੈ ਤਾਂ DCS ਨੌਕਰੀਦਾਤਾ ਨੂੰ ***ਸੱਪੋਰਟ ਲਈ ਤਨਖਾਹ ਰੋਕਣ*** ਦਾ ਨੋਟਿਸ ਜਾਰੀ ਕਰੇਗਾ। ਇਹ ਨੋਟਿਸ ਗੈਰ-ਨਿਗਰਾਨ ਮਾਤਾ/ਪਿਤਾ ਦੀ ਤਨਖਾਹ ਜਾਂ ਉਜਰਤ ਵਿੱਚੋਂ ਸੱਪੋਰਟ ਦੀ ਰਕਮ ਰੋਕਣ ਦੀ ਮੰਗ ਕਰਦਾ ਹੈ। ਜੇ DCS ਗੈਰ-ਨਿਗਰਾਨ ਮਾਤਾ/ਪਿਤਾ ਨੂੰ ਨਹੀਂ ਜਾਣਦਾ ਤਾਂ DCS ਉਸਦੀ ਆਮਦਨੀ ਜਾਂ ਉਜਰਤ ਦੇ ਸ੍ਰੋਤ ਦਾ ਪਤਾ ਲਗਾਉਣ ਦੀ ਕੋਸ਼ਸ਼ ਕਰੇਗਾ ਅਤੇ ਤੁਹਾਡੀ ਸੱਪੋਰਟ ਦੀ ਰਕਮ ਦੀ ਉਗਰਾਹੀ ਕਰਨ ਦੀ ਕੋਸ਼ਸ਼ ਕਰੇਗਾ।

ਜੇ ਤੁਹਾਡੇ ਸੱਪੋਰਟ ਆਰਡਰ ਵਿੱਚ ਬੱਚੇ ਦੀ ਮੈਡੀਕਲ ਸੱਪੋਰਟ ਦਾ ਪ੍ਰਾਵਧਾਨ ਹੈ ਤਾਂ DCS ਇਹਨਾਂ ਸ਼ਰਤਾਂ ਦੀ ਪਾਲਣਾ ਕਰਾਉਣ ਦੀ ਕੋਸ਼ਸ਼ ਕਰੇਗਾ।। DCS ਦੀ ਕਾਰਵਾਈ ਤੁਹਾਡੇ ਆਰਡਰ ਵਿੱਚ ਲਿਖਤ ਸ਼ਰਤਾਂ ਤੇ ਨਿਰਭਰ ਕਰੇਗੀ।

1. ਜੇ ਤੁਹਾਡੇ ਕੋਲ ਅਜੇਹਾ ਆਰਡਰ ਹੈ ਜੋ ਮੰਗ ਕਰਦਾ ਹੈ ਕਿ ਗੈਰ-ਨਿਗਰਾਨ ਮਾਤਾ/ਪਿਤਾ ਸਿਹਤ ਬੀਮਾ ਪ੍ਰਦਾਨ ਕਰੇ, ਗੈਰ-ਬੀਮਾ ਡਾਕਟਰੀ ਖਰਚੇ ਦਾ ਅਨੁਪਾਤੀ ਹਿੱਸਾ ਦੇਵੇ, ਕਟੋਤੀਆਂ (ਡਿਡਕਟਿਬਲਜ਼) ਦੇਵੇ, ਸਹਿਭੁਗਤਾਨ (ਕੋਪੇਮੈਂਟਾਂ) ਕਰੇ ਜਾਂ ਜਦੋਂ ਗੈਰ-ਨਿਗਰਾਨ ਮਾਤਾ/ਪਿਤਾ ਕੋਲ ਸਿਹਤ ਬੀਮਾ ਨਾ ਹੋਵੇ ਤਾਂ ਡਾਲਰਾਂ ਵਿੱਚ ਵਾਧੂ ਰਕਮ ਦਾ ਭੁਗਤਾਨ ਕਰੇ, ਤਾਂ DCS ਮੈਡੀਕਲ ਸੱਪੋਰਟ ਦੀ ਕਿਸੇ ਵੀ ਅਜੇਹੀ ਸ਼ਰਤ ਨੂੰ ਪੂਰਾ ਕਰਵਾਉਣ ਦੀ ਕੋਸ਼ਸ਼ ਕਰੇਗਾ।
2. ਜੇ ਤੁਹਾਡੇ ਕੋਲ ਅਜੇਹਾ ਸੱਪੋਰਟ ਆਰਡਰ ਹੈ ਜੋ ਇਹ ਮੰਗ ਨਹੀਂ ਕਰਦਾ ਕਿ ਗੈਰ-ਨਿਗਰਾਨ ਮਾਤਾ/ਪਿਤਾ ਤੁਹਾਡੇ ਬੱਚਿਆਂ ਲਈ ਸਿਹਤ ਬੀਮਾ ਪ੍ਰਦਾਨ ਕਰੇ, ਤਾਂ DCS ਤੁਹਾਡੇ ਆਰਡਰ ਦੀ ਸੋਧ ਕਰਵਾਉਣ ਦੀ ਕੋਸ਼ਿਸ਼ ਕਰ ਸਕਦਾ ਹੈ।
3. ਜੇ ਤੁਹਾਡੇ ਕੋਲ ਅਜੇਹਾ ਸੱਪੋਰਟ ਆਰਡਰ ਹੈ ਜੋ ਮੰਗ ਕਰਦਾ ਹੈ ਕਿ ਤੁਸੀਂ ਆਪਣੇ ਬੱਚੇ/ਬੱਚਿਆਂ ਲਈ ਸਿਹਤ ਬੀਮਾ ਪ੍ਰਦਾਨ ਕਰੋ,ਬਿਨਾ-ਬੀਮਾ ਡਾਕਟਰੀ ਖਰਚੇ , ਸਹਿਭੁਗਤਾਨ (ਕੋਪੇਮੈਂਟ) ਅਤੇ ਕਟੌਤੀਆਂ (ਡਿਡਕਟਿਬਲਜ਼) ਦਾ ਅਨੁਪਾਤੀ ਹਿੱਸਾ ਭਰੇ, ਅਤੇ ਜੇ ਤੁਸੀਂ ਸਿਹਤ ਬੀਮਾ ਪ੍ਰਦਾਨ ਨਹੀਂ ਕਰ ਰਹੇ ਹੋ ਤਾਂ ਦੂਜੇ ਮਾਤਾ/ਪਿਤਾ ਦੇ ਸਿਹਤ ਬੀਮੇ ਦੇ ਪ੍ਰੀਮਿਅਮ ਦਾ ਇੱਕ ਹਿੱਸਾ ਤੁਸੀਂ ਭਰੋ, ਤਾਂ, ਜੇ ਗੈਰ-ਨਿਗਰਾਨ ਮਾਤਾ/ਪਿਤਾ ਸੱਪੋਰਟ ਦੇ ਤਾਮੀਲ ਦੀ ਅਰਜ਼ੀ ਦੇਂਦੇ ਹਨ, DCS ਇਹਨਾਂ ਸ਼ਰਤਾਂ ਦੀ ਤਾਮੀਲ ਕਰਵਾਉਣ ਦੀ ਕੋਸ਼ਸ਼ ਕਰ ਸਕਦਾ ਹੈ।

ਜੇ ਤੁਹਾਡੇ ਕੋਲ ਬੱਚੇ/ਬੱਚਿਆਂ ਲਈ ਸਿਹਤ ਬੀਮਾ ਹੈ ਤਾਂ ਤੁਹਾਨੂੰ ਚਾਹੀਦਾ ਹੈ ਕਿ ਤੁਸੀਂ DCS ਨੂੰ ਬੀਮੇ ਦਾ ਸਬੂਤ ਦਿਉ। ਇਸਦੇ ਲਈ ਤੁਸੀਂ ਨਾਲ ਨੱਥੀ ***ਨਿਗਰਾਨ ਮਾਤਾ/ਪਿਤਾ ਦੀ ਸਿਹਤ ਬੀਮੇ ਸਬੰਧਤ ਜਾਣਕਾਰੀ*** ਫਾਰਮ ਭਰ ਕੇ ਸਬੂਤ ਵਜੋਂ ਭੇਜੋ।

ਜੇ ਤੁਹਾਡੇ ਕੋਲ ਸਿਹਤ ਬੀਮਾ ਹੈ ਅਤੇ ਤੁਸੀ ਨਹੀਂ ਚਾਹੁੰਦੇ ਕਿ DCS ਤੁਹਾਡੇ ਸੱਪੋਰਟ ਆਰਡਰ ਦੀਆਂ ਮੈਡੀਕਲ ਸੱਪੋਰਟ ਦੀਆਂ ਸ਼ਰਤਾਂ ਦੀ ਤਾਮੀਲ ਕਰਵਾਏ, ਤਾਂ ਤੁਹਾਡੇ ਲਈ ਜ਼ਰੂਰੀ ਹੈ ਕਿ ਤੁਸੀਂ DCS ਨੂੰ ਬੀਮੇ ਦਾ ਸਬੂਤ ਦਿਉ ਅਤੇ DCS ਨੂੰ ਲਿਖਤ ਵਿੱਚ ਦੱਸੋ ਕਿ ਤੁਸੀਂ ਮੈਡੀਕਲ ਸੱਪੋਰਟ ਦੀਆਂ ਸ਼ਰਤਾਂ ਦੀ ਤਾਮੀਲ ਨਹੀਂ ਕਰਵਾਉਣਾ ਚਾਹੁੰਦੇ।

ਜੇ ਮਾਤਾ ਅਤੇ ਪਿਤਾ ਨੇ ਕਦੇ ਵਿਆਹ ਨਹੀਂ ਕੀਤਾ ਅਤੇ:

1. ਉਹਨਾਂ ਵਿੱਚੋਂ ਇੱਕ ਜਾਂ ਦੋਵਾਂ ਨੇ ***ਵਲਦੀਅਤ ਦੀ ਪ੍ਰਵਾਨਗੀ*** ਤੇ ਦਸਤਖਤ ਨਹੀਂ ਕੀਤੇ ਹਨ, ਤਾਂ ਜ਼ਰੂਰੀ ਹੈ ਕਿ ਸਟੇਟ ਜਾਂ ਕਬੀਲੇ ਦੀ ਅਦਾਲਤ ਕਾਨੂੰਨੀ ਪਿਤਾ ਦਾ ਨਿਰਧਾਰਨ ਕਰੇ। DCS ਤੁਹਾਡੇ ਮਾਮਲੇ ਨੂੰ ਪੈਰਵੀ ਵਕੀਲ, ਕਬੀਲੇ ਦੀ ਅਦਾਲਤ ਜਾਂ ਆਫ਼ਿਸ ਆਫ਼ ਅਟਾਰਨੀ ਜਨਰਲ ਵਿੱਚ ਕਾਰਵਾਈ ਲਈ ਭੇਜੇਗਾ।
2. ਦੋਵਾਂ ਨੇ ***ਵਲਦੀਅਤ ਦੀ ਪ੍ਰਵਾਨਗੀ*** ਤੇ ਦਸਤਖਤ ਕੀਤੇ ਹਨ, ਤਾਂ DCS ਅਦਾਲਤ ਦੀ ਕਾਰਵਾਈ ਦੇ ਬਿਨਾ ਸੱਪੋਰਟ ਆਰਡਰ ਸਥਾਪਤ ਕਰ ਸਕਦਾ ਹੈ।

ਜੇ ਤੁਹਾਡੇ ਸੱਪੋਰਟ ਆਰਡਰ ਦਾ ਦੂਜਾ ਪੱਖ ਚਾਹੁੰਦਾ ਹੈ ਕਿ DCS ਅਜੇਹਾ ਕਰੇ, ਤਾਂ DCS , ਤੁਹਾਡੀ ਮਰਜ਼ੀ ਦੇ ਖਿਲਾਫ ਵੀ, ਉਸ ਨੂੰ ਸੱਪੋਰਟ ਤਾਮੀਲ ਦੀਆਂ ਪੂਰੀਆਂ ਸੇਵਾਵਾਂ ਪ੍ਰਦਾਨ ਕਰ ਸਕਦਾ ਹੈ।

ਜੇ ਸੱਪੋਰਟ ਆਰਡਰ ਦਾ ਕੋਈ ਵੀ ਪੱਖ ਵਾਸ਼ਿੰਗਟਨ ਸਟੇਟ ਵਿੱਚ ਨਹੀਂ ਰਹਿੰਦਾ ਤਾਂ DCS ਸੱਪੋਰਟ ਤਾਮੀਲ ਸੇਵਾਵਾਂ ਤਾਂ ਹੀ ਪ੍ਰਦਾਨ ਕਰੇਗਾ ਜੇ ਹੇਠਲੀਆਂ ਦੋਨੇ ਗੱਲਾਂ ਸਹੀ ਹੋਣ:

1. ਤੁਹਾਡੇ ਸੱਪੋਰਟ ਆਰਡਰ ਦਾ ਕੋਈ ਵੀ ਪੱਖ ਕਿਸੇ ਹੋਰ ਸਟੇਟ ਕੋਲੋਂ ਸੱਪੋਰਟ ਤਾਮੀਲ ਸੇਵਾਵਾਂ ਨਹੀਂ ਲਵੇਗਾ।
2. ਗੈਰ-ਨਿਗਰਾਨ ਮਾਤਾ/ਪਿਤਾ ਦਾ ਵਾਸ਼ਿੰਗਟਨ ਸਟੇਟ ਨਾਲ ਸੰਪਰਕ ਹੈ। ਸੰਪਰਕ ਵਿੱਚ ਵਾਸ਼ਿੰਗਟਨ ਵਿੱਚ ਬਿਜ਼ਨਸ ਕਰਨ ਵਾਲੇ ਨੌਕਰੀਦਾਤਾਵਾਂ ਕੋਲੋਂ ਉਜਰਤ ਕਮਾਉਣਾ, ਵਾਸ਼ਿੰਗਟਨ ਵਿੱਚ ਜਾਇਦਾਦ ਦੀ ਮਲਕੀਅਤ ਹੋਣਾ ਆਦਿ ਸ਼ਾਮਲ ਹਨ। ਗੈਰ-ਨਿਗਰਾਨ ਮਾਤਾ/ਪਿਤਾ ਦੇ ਵਾਸ਼ਿੰਗਟਨ ਸਟੇਟ ਨਾਲ ਇੰਨਾ ਸੰਪਰਕ ਹੋਣਾ ਜ਼ਰੂਰੀ ਹੈ ਕਿ DCS ਉਹਨਾਂ ਕੋਲੋਂ ਸੱਪੋਰਟ ਦੀ ਰਕਮ ਦੀ ਉਗਰਾਹੀ ਕਰ ਸਕੇ।

ਜੇ ਗੈਰ-ਨਿਗਰਾਨ ਮਾਤਾ/ਪਿਤਾ ਕਿਸੇ ਹੋਰ ਸਟੇਟ ਵਿੱਚ ਰਹਿੰਦੇ ਹਨ ਅਤੇ ਉਹਨਾਂ ਦਾ ਵਾਸ਼ਿੰਗਟਨ ਸਟੇਟ ਨਾਲ ਕੋਈ ਸੰਪਰਕ ਨਹੀਂ ਹੈ, ਅਤੇ ਤੁਸੀਂ ਵਾਸ਼ਿੰਗਟਨ ਸਟੇਟ ਵਿੱਚ ਰਹਿੰਦੇ ਹੋ, ਤਾਂ DCS ਹੇਠਲਿਆਂ ਵਿੱਚੋਂ ਇੱਕ ਕੰਮ ਕਰ ਸਕਦਾ ਹੈ:

1. ਇਸ ਮਾਮਲੇ ਦੇ ਅਧਿਕਾਰ ਖੇਤਰ ਦੇ ਨਿਰਧਾਰਨ ਦੀ ਕੋਸ਼ਸ਼ ਕਰਨਾ ਅਤੇ ਵਾਸ਼ਿੰਗਟਨ ਸਟੇਟ ਦੇ ਕਾਨੂੰਨ ਮੁਤਾਬਕ ਸੱਪੋਰਟ ਦੀ ਰਕਮ ਦੀ ਉਗਰਾਹੀ ਕਰਨਾ।
2. ਜਿਸ ਸਟੇਟ ਵਿੱਚ ਗੈਰ-ਨਿਗਰਾਨ ਮਾਤਾ/ਪਿਤਾ ਰਹਿੰਦੇ ਹਨ ਉਸ ਸਟੇਟ ਨੂੰ ਸੱਪੋਰਟ ਦੀ ਰਕਮ ਉਗਰਾਹਣ ਲਈ ਕਹਿਣਾ। ਉਹ ਸਟੇਟ ਆਪਣੇ ਕਾਨੂੰਨਾਂ ਮੁਤਾਬਕ ਕਾਰਵਾਈ ਕਰੇਗੀ।

DCS ਗੈਰ-ਨਿਗਰਾਨ ਮਾਤਾ/ਪਿਤਾ ਦੇ ਨਾਲ ਮਹੀਨਾਵਾਰ ਪੁਰਾਣੀਆਂ ਬਕਾਇਆ ਰਕਮਾਂ ਦਾ ਪ੍ਰਬੰਧ ਕਰੇਗਾ। DCS ਇਸ ਭੁਗਤਾਨ ਨੂੰ ਤੁਹਾਡੇ ਸੱਪੋਰਟ ਆਰਡਰ ਵਿੱਚ ਦੱਸੀ ਗਈ ਸੱਪੋਰਟ ਦੀ ਲੋੜ 'ਤੇ ਅਤੇ ਕੇਸ ਲਈ ਪੁਰਾਣੀ ਬਕਾਇਆ ਸੱਪੋਰਟ ਦੀ ਕੁੱਲ ਰਕਮ 'ਤੇ ਅਧਾਰਤ ਕਰਦਾ ਹੈ।

ਜੇ ਤੁਹਾਡੇ ਕੋਲ ਅਜੇਹਾ ਸੱਪੋਰਟ ਆਰਡਰ ਹੈ ਜੋ DCS ਨੂੰ ***ਸੱਪੋਰਟ ਲਈ ਤਨਖਾਹ ਰੋਕਣ*** ਦੀ ਇਜਾਜ਼ਤ ਦੇਂਦਾ ਹੈ ਤਾਂ DCS ਇਹ ਫਾਰਮ ਗੈਰ-ਨਿਗਰਾਨ ਮਾਤਾ/ਪਿਤਾ ਦੇ ਨੌਕਰੀਦਾਤਾ ਨੂੰ ਭੇਜੇਗਾ (ਜੇ ਉਸ ਦਾ ਪਤਾ ਹੈ)।

ਜੇ ਤੁਹਾਡੇ ਕੋਲ ਅਜੇਹਾ ਸੱਪੋਰਟ ਆਰਡਰ ਹੈ ਜੋ DCS ਨੂੰ ***ਸੱਪੋਰਟ ਲਈ ਤਨਖਾਹ ਰੋਕਣ*** ਦੀ ਇਜਾਜ਼ਤ ਨਹੀਂ ਦੇਂਦਾ, ਤਾਂ DCS ਗੈਰ-ਨਿਗਰਾਨ ਮਾਤਾ/ਪਿਤਾ ਨੂੰ ***ਸੱਪੋਰਟ ਰਿਣ ਅਤੇ ਭੁਗਤਾਨ ਦੀ ਮੰਗ ਦਾ ਨੋਟਿਸ*** ਭੇਜੇਗਾ। ***ਸੱਪੋਰਟ ਰਿਣ ਅਤੇ ਭੁਗਤਾਨ ਦੀ ਮੰਗ ਦੇ ਨੋਟਿਸ*** ਸੱਪੋਰਟ ਦੀ ਰਕਮ ਦੱਸਦਾ ਹੈ ਅਤੇ DCS ਨੂੰ ***ਸੱਪੋਰਟ ਲਈ ਤਨਖਾਹ ਰੋਕਣ*** ਦਾ ਨੋਟਿਸ ਦੇਣ ਦਾ ਅਧਿਕਾਰ ਦੇਂਦਾ ਹੈ।

1. ਜੇ ਅਦਾਲਤ ਦੇ ਹੁਕਮ ਮੁਤਾਬਕ ਤੁਸੀਂ ਲੈਣਦਾਰ ਹੋ ਤਾਂ DCS ਤੁਹਾਨੂੰ ਨੋਟਿਸ ਦੀ ਕਾਪੀ ਭੇਜੇਗਾ ਜਿਸ ਵਿੱਚ ਸੱਪੋਰਟ ਦੀ ਰਕਮ ਲਿਖੀ ਹੁੰਦੀ ਹੈ। ਜੇ ਤੁਹਾਨੂੰ ਨੋਟਿਸ ਮਿਲਦਾ ਹੈ ਅਤੇ ਤੁਸੀਂ ਉਸ ਵਿੱਚ ਲਿਖੀ ਰਕਮ ਨਾਲ ਸਹਿਮਤ ਨਹੀਂ ਹੋ, ਤਾਂ ਤੁਸੀਂ ਸੁਣਵਾਈ ਦੀ ਮੰਗ ਕਰ ਸਕਦੇ ਹੋ।

2. ਗੈਰ-ਨਿਗਰਾਨ ਮਾਤਾ/ਪਿਤਾ ਉਸ ਨੋਟਿਸ ਦੀਆਂ ਸ਼ਰਤਾਂ ਬਾਰੇ ਇਤਰਾਜ਼ ਕਰ ਸਕਦੇ ਹਨ ਜਿਸ ਵਿੱਚ ਸੱਪੋਰਟ ਦੀ ਰਕਮ ਲਿਖੀ ਹੋਈ ਹੈ, ਅਤੇ ਕਾਨਫਰੰਸ ਬੋਰਡ (ਗੈਰ-ਰਸਮੀ ਸੁਣਵਾਈ) ਦੀ ਮੰਗ ਕਰ ਸਕਦੇ ਹਨ। ਕਾਨਫਰੰਸ ਬੋਰਡ ਵਿੱਚ ਤੁਸੀਂ ਹਿੱਸਾ ਲੈ ਸਕਦੇ ਹੋ।

3. ਜੇ ਤੁਸੀਂ ਸੁਣਵਾਈ ਦੀ ਮੰਗ ਕਰਦੇ ਹੋ ਅਤੇ ਗੈਰ-ਨਿਗਰਾਨ ਮਾਤਾ/ਪਿਤਾ ਕਾਨਫਰੰਸ ਬੋਰਡ ਦੀ ਮੰਗ ਕਰਦੇ ਹਨ ਤਾਂ ਤੁਸੀਂ ਇਹ ਫੈਸਲਾ ਕਰ ਸਕਦੇ ਹੋ ਕਿ ਸੁਣਵਾਈ ਹੋਣੀ ਚਾਹੀਦੀ ਹੈ ਜਾਂ ਕਾਨਫਰੰਸ ਬੋਰਡ।

ਕਿਸੇ ਸੱਪੋਰਟ ਆਰਡਰ ਨੂੰ ਸਥਾਪਤ ਕਰਨ, ਲਾਗੂ ਕਰਨ ਜਾਂ ਉਸ ਵਿੱਚ ਸੋਧ ਕਰਨ ਦੀ ਪ੍ਰਕਿਰਿਆ ਵਿੱਚ DCS ਆਰਡਰ ਦੇ ਸਾਰੇ ਪੱਖਾਂ ਨੂੰ ਲਿਖਤ ਨੋਟਿਸ ਫਸਟ ਕਲਾਸ ਮੇਲ ਰਾਹੀਂ ਭੇਜ ਸਕਦਾ ਹੈ। DCS ਇਹ ਨੋਟਿਸ ਉਸ ਪਤੇ ਤੇ ਭੇਜ ਸਕਦਾ ਹੈ ਜੋ ਉਸਨੂੰ ਅੰਤ ਵਿੱਚ ਪਤਾ ਹੈ। ਜੇ DCS ਤੁਹਾਨੂੰ ਨੋਟਿਸ ਭੇਜਦਾ ਹੈ ਤਾਂ ਉਹ ਨੋਟਿਸ, ਤੁਹਾਨੂੰ ਕੋਈ ਹੋਰ ਨੋਟਿਸ ਭੇਜੇ ਬਿਨਾ, ਅੰਤਮ ਆਰਡਰ ਬਣ ਸਕਦਾ ਹੈ। ਸੋਧ ਦੀ ਪ੍ਰਕਿਰਿਆ ਵਿੱਚ, ਕਿਸੇ ਪੱਖ ਦੀ ਗੈਰਹਾਜ਼ਰੀ ਵਿੱਚ ਅਦਾਲਤ ਜਾਂ ਪ੍ਰਸ਼ਾਸਨਕ ਕਾਨੂੰਨ ਜੱਜ (ALJ) ਸੱਪੋਰਟ ਆਰਡਰ ਵਿੱਚ ਸੋਧ ਦੀ ਅਪੀਲ ਨੂੰ ਗੈਰ ਹਾਜ਼ਰੀ ਕਾਰਣ ਮਨਜ਼ੂਰੀ ਦੇ ਸਕਦੇ ਹਨ। ਇਹ ਗੱਲ ਤਾਂ ਵੀ ਲਾਗੂ ਹੁੰਦੀ ਹੈ ਜੇ DCS ਇਹ ਸਾਬਤ ਨਹੀਂ ਕਰ ਸਕਦਾ ਕਿ ਗੈਰਹਾਜ਼ਰ ਪੱਖ ਨੂੰ ਉਸ ਦੇ ਅਖੀਰਲੇ ਮਾਲੂਮ ਪਤੇ ਤੇ ਫਸਟ ਕਲਾਸ ਡਾਕ ਰਾਹੀਂ ਭੇਜਿਆ ਸੁਣਵਾਈ ਦਾ ਨੋਟਿਸ ਸਚਮੁਚ ਮਿਲ ਗਿਆ ਸੀ।

ਤੁਹਾਡੇ ਬੱਚੇ ਨਾਲ ਮੁਲਾਕਾਤਾਂ ਦਾ ਨਿਰਧਾਰਣ ਜਾਂ ਉਹਨਾਂ ਦੀ ਤਾਮੀਲ DCS ਨਹੀਂ ਕਰਵਾ ਸਕਦਾ।

**ਨੁਮਾਇੰਦਗੀ**

DCS ਅਤੇ ਉਸਦੇ ਨਾਲ ਕੰਮ ਕਰਨ ਵਾਲੇ ਅਟਾਰਨੀ ਜਨਰਲ ਦੇ ਸਾਰੇ ਦਫਤਰ ਅਤੇ ਪੈਰਵੀ ਵਕੀਲ ਦੇ ਸਾਰੇ ਦਫਤਰ *ਡਿਪਾਰਟਮੈਂਟ ਆੱਫ ਸੋਸ਼ਲ ਐਂਡ ਹੈਲਥ ਸਰਵਿਸਿਜ਼* ਦੀ ਨੁਮਾਇੰਦਗੀ ਕਰਦੇ ਹਨ। ਇਹ ਦਫਤਰ ਤੁਹਾਡੇ ਸੱਪੋਰਟ ਆਰਡਰ ਸਬੰਧਤ ਕਿਸੇ ਪੱਖ ਦੀ ਨੁਮਾਇੰਗੀ ਨਹੀਂ ਕਰਦੇ।

**ਸੁਣਵਾਈਆਂ**

ਚੈਪਟਰ 34.05 RCW ਤੁਹਾਡੇ ਸੱਪੋਰਟ ਆਰਡਰ ਦੇ ਦੋਨਾਂ ਪੱਖਾਂ ਨੂੰ ਸੁਣਵਾਈ ਵਿੱਚ ਹਿੱਸਾ ਲੈਣ ਦੀ ਇਜਾਜ਼ਤ ਦੇਂਦਾ ਹੈ। ਕੋਈ ਵੀ ਪੱਖ ਖੁਦ ਹਾਜ਼ਰ ਹੋ ਕੇ ਜਾਂ ਟੈਲੀਫੋਨ ਰਾਹੀਂ ਸੁਣਵਾਈ ਵਿੱਚ ਹਿੱਸਾ ਲੈ ਸਕਦਾ ਹੈ। ਸੁਣਵਾਈਆਂ ਦਾ ਅਸਰ ਸੱਪੋਰਟ ਰਕਮ ਤੇ ਪੈਂਦਾ ਹੈ। ਜੇ ਤੁਸੀਂ ਕਿਸੇ ਸੁਣਵਾਈ ਵਿੱਚ ਹਿੱਸਾ ਨਹੀਂ ਲੈਂਦੇ ਤਾਂ ALJ, ਤੁਹਾਨੂੰ ਕੋਈ ਹੋਰ ਨੋਟਿਸ ਦਿੱਤੇ ਬਿਨਾ, DCS ਜਾਂ ਤੁਹਾਡੇ ਸੱਪੋਰਟ ਆਰਡਰ ਦੇ ਦੂਜੇ ਪੱਖ ਦੀਆਂ ਬੇਨਤੀਆਂ ਮਨਜ਼ੂਰ ਕਰ ਸਕਦਾ ਹੈ। ਜੇ ਤੁਸੀਂ ਚਾਹੋ ਤਾਂ ਸੁਣਵਾਈ ਤੇ ਤੁਹਾਡੀ ਨੁਮਾਇੰਦਗੀ ਤੁਹਾਡਾ ਕਾਨੂੰਨੀ ਸਲਾਹਕਾਰ ਕਰ ਸਕਦਾ ਹੈ।

**ਕਟੌਤੀ**

ਵਾੱਸ਼ਿੰਗਟਨ ਦਾ ਕਾਨੂੰਨ ਬਾਲ-ਸਹਾਇਤਾ ਨੂੰ ਆਰਜ਼ੀ ਤੌਰ 'ਤੇ ਘਟਾਉਣ ਦੀ ਆਗਿਆ ਦੇ ਸਕਦਾ ਹੈ, ਜੇ ਗ਼ੈਰ-ਨਿਗਰਾਨ ਮਾਤਾ-ਪਿਤਾ ਘੱਟੋ-ਘੱਟ ਛੇ ਮਹੀਨਿਆਂ ਤੋਂ ਜੇਲ੍ਹ, ਕੈਦ ਜਾਂ ਸੁਧਾਰ-ਘਰ ਵਿੱਚ ਹੈ ਅਤੇ ਬਾਲ-ਸਹਾਇਤਾ ਦਾ ਭੁਗਤਾਨ ਨਹੀਂ ਕਰ ਸਕਦਾ/ਸਕਦੀ। ਇਸ ਕਾਰਵਾਈ ਨੂੰ ਕਟੌਤੀ ਕਿਹਾ ਜਾਂਦਾ ਹੈ। ਤੁਸੀਂ, ਗ਼ੈਰ-ਨਿਗਰਾਨ ਮਾਤਾ-ਪਿਤਾ ਜਾਂ DCS ਕਟੌਤੀ ਦੀ ਬੇਨਤੀ ਕਰ ਸਕਦੀ ਹੈ। ਜੇ ਇਹ ਕਟੌਤੀ ਤੁਹਾਡੇ ਕੇਸ 'ਤੇ ਲਾਗੂ ਹੁੰਦੀ ਹੈ, ਤਾਂ DCS ਵਲੋਂ ਤੁਹਾਨੂੰ ਇੱਕ ਨੋਟੀਫ਼ਿਕੇਸ਼ਨ ਮਿਲੇਗਾ, ਜਿਸ ਵਿੱਚ ਕਟੌਤੀ ਦੀਆਂ ਸ਼ਰਤਾਂ ਅਤੇ ਜੇ ਉਹ ਸਹਿਮਤ ਨਹੀਂ ਹੈ, ਤਾਂ ਸੁਣਵਾਈ ਲਈ ਕਹਿਣ ਦੇ ਹਰ ਵਿਅਕਤੀ ਦੇ ਹੱਕ ਬਾਰੇ ਦੱਸਿਆ ਗਿਆ ਹੋਏਗਾ।

**ਉਗਰਾਹੀ ਸੇਵਾਵਾਂ**

DCS ਕੋਸ਼ਸ਼ ਕਰੇਗਾ ਕਿ:

1. ਮੌਜੂਦਾ ਅਤੇ ਪਿਛਲੀ ਬਕਾਇਆ (ਜੇ ਹੈ) ਸੱਪੋਰਟ ਰਕਮ ਦੀ ਉਗਰਾਹੀ ਕੀਤੀ ਜਾਵੇ।
   - ਕੁਝ ਸੀਮਿਤ ਹਾਲਾਤ ਵਿੱਚ DCS ਇਕ ਆਰਜ਼ੀ ਸਮਝੌਤਾ ਕਰ ਸਕਦਾ ਹੈ ਜੋ ਗੈਰ-ਨਿਗਰਾਨ ਮਾਤਾ/ਪਿਤਾ ਨੂੰ ਤੁਹਾਡੇ ਸੱਪੋਰਟ ਆਰਡਰ ਵਿੱਚ ਲਿਖੀ ਮੌਜੂਦਾ ਮਾਹਵਾਰੀ ਸੱਪੋਰਟ ਰਕਮ ਤੋਂ ਘੱਟ ਪੈਸੇ ਦੇਣ ਦੀ ਇਜਾਜ਼ਤ ਦੇਂਦਾ ਹੈ। ਸਮੇਂ ਦੇ ਨਾਲ ਨਾਲ ਰਕਮ ਵਧਦੀ ਜਾਂਦੀ ਹੈ ਅਤੇ ਇਸ ਤਰ੍ਹਾਂ DCS ਸੱਪੋਰਟ ਦੀ ਪੂਰੀ ਮੌਜੂਦਾ ਅਤੇ ਪੁਰਾਣੀ ਬਕਾਇਆ ਰਕਮ ਵਸੂਲ ਕਰ ਲੈਂਦਾ ਹੈ।
2. ਪੁਰਾਣੀ ਬਕਾਇਆ ਰਕਮ ਤੇ ਵਿਆਜ ਦੀ ਵਸੂਲੀ ਕੀਤੀ ਜਾਵੇ। DCS ਅਜੇਹਾ ਤਾਂ ਹੀ ਕਰੇਗਾ ਜੇ ਤੁਹਾਡੇ ਕੋਲ ਅਜੇਹਾ ਸੱਪੋਰਟ ਆਰਡਰ ਜਾਂ ਕਿਸੇ ਸਟੇਟ ਜਾਂ ਕਬੀਲੇ ਦੀ ਅਦਾਲਤ ਦਾ ਫੈਸਲਾ ਹੈ ਜਿਸ ਵਿੱਚ ਵਿਆਜ ਦੀ ਕੁਲ ਰਕਮ ਲਿਖੀ ਹੋਵੇ।
3. ਜੇ ਤੁਹਾਡੇ ਸੱਪੋਰਟ ਆਰਡਰ ਮੁਤਾਬਕ ਜ਼ਰੂਰੀ ਹੋਵੇ, ਬੱਚੇ ਦੀ ਦੇਖਭਾਲ ਦੇ ਖਰਚੇ ਦੀ ਉਗਰਾਹੀ ਕੀਤੀ ਜਾਵੇ।
4. ਜੇ ਤੁਹਾਡੇ ਸੱਪੋਰਟ ਆਰਡਰ ਮੁਤਾਬਕ ਜ਼ਰੂਰੀ ਹੋਵੇ, ਪਤੀ/ਪਤਨੀ ਦੇ ਜੀਵਨ ਨਿਰਬਾਹ ਦੇ ਭੱਤੇ (ਐਲੀਮਨੀ) ਦੀ ਉਗਰਾਹੀ ਕੀਤੀ ਜਾਵੇ। DCS ਪਤੀ/ਪਤਨੀ ਦੇ ਜੀਵਨ ਨਿਰਬਾਹ ਦਾ ਭੱਤਾ ਤੈਅ ਨਹੀਂ ਕਰਦਾ।
5. ਮੈਡੀਕਲ ਸੱਪੋਰਟ ਦੀਆਂ ਸ਼ਰਤਾਂ ਦੀ ਤਾਮੀਲ ਕਰਵਾਈ ਜਾਵੇ। ਚੈਪਟਰ 74.20 ਅਤੇ RCW 74.20A RCW ਦੇ ਪ੍ਰਾਵਧਾਨਾਂ ਦੀ ਵਰਤੋਂ ਕਰਦੇ ਹੋਏ DCS ਆਰਡਰ ਵਿੱਚ ਲਿਖੇ ਬੱਚੇ ਲਈ ਅਜੇਹੇ ਡਾਕਟਰੀ ਖਰਚਿਆਂ ਦੀ ਉਗਰਾਹੀ ਦੀ ਕੋਸ਼ਸ਼ ਕਰ ਸਕਦਾ ਹੈ ਜਿਨ੍ਹਾਂ ਦੀ ਅਦਾਇਗੀ ਨਹੀਂ ਹੋਈ (ਜਿਵੇਂ ਕਿ ਸਹਿਭੁਗਤਾਨ, ਕਟੌਤੀਆਂ ਅਤੇ ਪ੍ਰੀਮਿਅਮ )। WAC 388-14A-1020 ਵਿੱਚ ਗੈਰ-ਬੀਮਾ ਡਾਕਟਰੀ ਖਰਚਿਆਂ ਦੀ ਪਰਿਭਾਸ਼ਾ ਦਿੱਤੀ ਗਈ ਹੈ। ਸਿਹਤ ਬੀਮੇ ਦੀਆਂ ਸ਼ਰਤਾਂ ਦੀ ਤਾਮੀਲ ਕਰਾਉਣ ਲਈ DCS ***ਨੈਸ਼ਨਲ ਮੈਡੀਕਲ ਸੱਪੋਰਟ ਨੋਟਿਸ*** ਭੇਜ ਸਕਦਾ ਹੈ ਜਾਂ ਕੈਸ਼ ਯੋਗਦਾਨ ਕਰਵਾ ਸਕਦਾ ਹੈ ਜਿਸਦੀ ਰਕਮ ਖਰਚੇ ਵਿੱਚ ਸਬੰਧਤ ਮਾਤਾ/ਪਿਤਾ ਦੇ ਅਨੁਪਾਤੀ ਹਿੱਸੇ ਤੋਂ ਵੱਧ ਨਹੀਂ ਹੋਵੇਗੀ ਅਤੇ ਮਾਤਾ/ਪਿਤਾ ਦੀ ਮੂਲ ਚਾਈਲਡ ਸੱਪੋਰਟ ਜ਼ਿਮੇਵਾਰੀ ਦੇ 25 ਫੀਸਦੀ ਤੋਂ ਵੱਧ ਨਹੀਂ ਹੋਵੇਗੀ।।
6. ਜੋ ਬੱਚੇ ਹਾਈ ਸਕੂਲ ਪਾਸ ਕਰਕੇ ਅੱਗੇ ਪੜ੍ਹਾਈ ਜਾਰੀ ਰੱਖ ਰਹੇ ਹਨ ਉਹਨਾਂ ਲਈ ਸੈਕੰਡਰੀ-ਬਾਅਦ ਸਿੱਖਿਆ ਸੱਪੋਰਟ ਦੀ ਤਾਮੀਲ ਕਰਵਾਈ ਜਾਏ। ਇਸ ਤਰ੍ਹਾਂ ਦੀ ਸੱਪੋਰਟ ਦਾ ਹੁਕਮ ਸਿਰਫ ਸਟੇਟ ਜਾਂ ਕਬੀਲੇ ਦੀ ਅਦਾਲਤ ਹੀ ਦੇ ਸਕਦੀ ਹੈ। DCS ਅਜੇਹੀ ਸੱਪੋਰਟ ਦਾ ਨਿਰਧਾਰਣ ਨਹੀਂ ਕਰ ਸਕਦਾ।

ਇਸ ਭਾਗ ਵਿੱਚ ਲਿਖੀਆਂ ਕਾਰਵਾਈਆਂ ਲਈ ਤੁਹਾਨੂੰ DCS ਨੂੰ ਕੁਝ ਕਹਿਣ ਦੀ ਲੋੜ ਨਹੀਂ ਹੈ। ਤੁਹਾਡੇ ਮਾਮਲੇ ਵਿੱਚ ਲੋੜੀਂਦੀ ਕਾਰਵਾਈ ਅਸੀਂ ਆਪਣੇ ਆਪ ਕਰਾਂਗੇ। ਪਰ ਹੋ ਸਕਦਾ ਹੈ ਕਿ ਤੁਹਾਨੂੰ ਕੋਈ ਨਵੀਂ ਜਾਣਕਾਰੀ ਮਿਲ ਜਾਵੇ ਜੋ DCS ਨੂੰ ਤੁਹਾਡੀ ਸੱਪੋਰਟ ਦੀ ਰਕਮ ਦੀ ਉਗਰਾਹੀ ਵਿੱਚ ਮਦਦ ਕਰ ਸਕੇ। ਜੇ ਅਜੇਹਾ ਹੁੰਦਾ ਹੈ ਤਾਂ DCS ਨੂੰ ਜ਼ਰੂਰ ਦੱਸੋ। DCS ਨੂੰ ਲਿਖੀ ਕਿਸੇ ਵੀ ਚਿੱਠੀ ਵਿੱਚ ਹੇਠਲੀ ਜਾਣਕਾਰੀ ਜ਼ਰੂਰ ਸ਼ਾਮਲ ਕਰੋ:

1. ਤੁਹਾਡਾ ਨਾਂ, ਪਤਾ, ਟੈਲੀਫੋਨ ਨੰਬਰ ਅਤੇ ਕੇਸ ਨੰਬਰ
2. ਗੈਰ-ਨਿਗਰਾਨ ਮਾਤਾ/ਪਿਤਾ ਦਾ ਨਾਂ ਅਤੇ ਸੋਸ਼ਲ ਸਿਕਿਓਰਿਟੀ ਨੰਬਰ (ਜੇ ਪਤਾ ਹੈ)।

**DCS ਸੇਵਾਵਾਂ ਬੰਦ ਕਰਨਾ**

ਜੇ ਤੁਸੀਂ ਚਾਹੁੰਦੇ ਹੋ ਕਿ DCS ਪੂਰੀਆਂ ਉਗਰਾਹੀ ਸੇਵਾਵਾਂ ਪ੍ਰਦਾਨ ਕਰਨਾ ਬੰਦ ਕਰ ਦੇਵੇ, ਤਾਂ ਤੁਹਾਡੇ ਲਈ ਇਸ ਬਾਰੇ DCS ਨੂੰ ਲਿਖਤ ਰੂਪ ਵਿੱਚ ਦੱਸਣਾ ਜ਼ਰੂਰੀ ਹੈ। ਜੇ ਤੁਹਾਡੇ ਕੋਲ ਅਜੇਹਾ ਸੱਪੋਰਟ ਆਰਡਰ ਹੈ ਜਿਸ ਦੇ ਮੁਤਾਬਕ ਗੈਰ-ਨਿਗਰਾਨ ਮਾਤਾ/ਪਿਤਾ ਨੇ WSSR ਦੇ ਰਾਹੀਂ ਸੱਪੋਰਟ ਰਕਮ ਦੇਣੀ ਹੈ, ਤਾਂ DCS *ਪੂਰੀ ਉਗਰਾਹੀ ਸੇਵਾਵਾਂ* ਪ੍ਰਦਾਨ ਕਰਨਾ ਬੰਦ ਕਰ ਦੇਂਦਾ ਹੈ, ਤੁਹਾਡੇ ਕੇਸ ਨੂੰ PSO ਵਿੱਚ ਬਦਲ ਦੇਂਦਾ ਹੈ ਅਤੇ ਗੈਰ-ਨਿਗਰਾਨ ਮਾਤਾ/ਪਿਤਾ ਨੂੰ ਇਸ ਬਾਰੇ ਦੱਸ ਦੇਂਦਾ ਹੈ। ਜੇ ਤੁਹਾਡੇ ਸੱਪੋਰਟ ਆਰਡਰ ਮੁਤਾਬਕ ਰਕਮ ਦੀ ਅਦਾਇਗੀ WSSR ਰਾਹੀਂ ਜ਼ਰੂਰੀ ਨਹੀਂ ਹੈ, ਤਾਂ DCS ਤੁਹਾਡੇ ਕੇਸ ਨੂੰ ਬੰਦ ਕਰ ਦੇਂਦਾ ਹੈ।

ਜੇ ਤੁਸੀਂ ਜਾਂ ਤੁਹਾਡੇ ਬੱਚੇ ਗੈਰ-ਨਿਗਰਾਨ ਮਾਤਾ/ਪਿਤਾ ਨਾਲ ਦੁਬਾਰਾ ਇਕੱਠੇ ਹੋ ਜਾਂਦੇ ਹੋ, ਤਾਂ DCS ਵਰਤਮਾਨ ਸੱਪੋਰਟ ਰਕਮ ਦੀ ਉਗਰਾਹੀ ਬੰਦ ਕਰ ਦੇਂਦਾ ਹੈ। ਤੁਹਾਨੂੰ ਮਿਲਣ ਵਾਲੀਆਂ ਸੇਵਾਵਾਂ ਵਿੱਚ ਕਿਸੇ ਵੀ ਤਬਦੀਲੀ ਬਾਰੇ DCS ਤੁਹਾਨੂੰ ਸੂਚਨਾ ਦੇਵੇਗਾ।

**ਫੈਡਰਲ ਆਮਦਨੀ ਟੈਕਸ ਦੇ ਰਿਫੰਡ ਦੀ ਸ਼ੁਰੂਆਤ, ਪ੍ਰਸਾਸ਼ਨਿਕ ਸ਼ੁਰੂਆਤ, ਅਤੇ ਪਾਸਪੋਰਟ ਤੋਂ ਮਨ੍ਹਾਂ ਕਰਨਾ**

ਜੇ DCS ਨੂੰ ਗੈਰ-ਨਿਗਰਾਨ ਮਾਤਾ/ਪਿਤਾ ਦਾ ਸੋਸ਼ਲ ਸਿਕਿਓਰਿਟੀ ਨੰਬਰ ਪਤਾ ਹੈ ਅਤੇ ਤੁਹਾਡੇ ਮਾਮਲੇ ਵਿੱਚ ਹੇਠਲੀਆਂ ਸਾਰੀਆਂ ਸ਼ਰਤਾਂ ਪੂਰੀਆਂ ਹੁੰਦੀਆਂ ਹਨ ਤਾਂ DCS ਇੰਟਰਨਲ ਰੈਵਿਨਿਊ ਸਰਵਿਸ (IRS) ਨੂੰ ਸੱਪੋਰਟ ਦੀ ਪੁਰਾਣੀ ਬਕਾਇਆ ਰਕਮ ਬਾਰੇ ਦੱਸੇਗਾ:

1. DCS ਨੂੰ ਗੈਰ-ਨਿਗਰਾਨ ਮਾਤਾ/ਪਿਤਾ ਦਾ ਸੋਸ਼ਲ ਸਿਕਉਰਿਟੀ ਨੰਬਰ ਪਤਾ ਹੈ।
2. ਪੁਰਾਣੀ ਬਕਾਇਆ ਸੱਪੋਰਟ ਰਕਮ ਦਾ ਰਿਣ ਇੱਕ ਸੱਪੋਰਟ ਆਰਡਰ ਦੇ ਮੁਤਾਬਕ ਹੈ।
3. ਗੈਰ-ਨਿਗਰਾਨ ਮਾਤਾ/ਪਿਤਾ $500.00 ਜਾਂ ਵੱਧ ਪੁਰਾਣੀ ਸੱਪੋਰਟ ਰਕਮ ਦਾ ਦੇਣਦਾਰ ਹੈ। ਜੇ DCS ਕੁਲ ਪੁਰਾਣੀ ਬਕਾਇਆ ਸੱਪੋਰਟ ਰਕਮ ਦਾ ਪਤਾ ਨਹੀਂ ਲਗਾ ਸਕਦਾ ਤਾਂ DCS ਰਿਣ ਨੂੰ ਸਿਰਫ ਉਸ ਰਕਮ ਤਕ ਸੀਮਤ ਕਰ ਸਕਦਾ ਹੈ ਜੋ ਉਸ ਸਮੇਂ ਤੋਂ ਇਕੱਠੀ ਹੋਈ ਹੈ ਜਦੋਂ ਤੋਂ DCS ਨੇ ਤੁਹਾਡਾ ਕੇਸ ਲਿਆ ਹੈ।

IRS ਗੈਰ-ਨਿਗਰਾਨ ਮਾਤਾ/ਪਿਤਾ ਦੇ ਟੈਕਸ ਰਿਫੰਡ DCS ਨੂੰ ਪੁਰਾਣੀ ਬਕਾਇਆ ਚਾਈਲਡ ਸੱਪੋਰਟ ਦੀ ਅਦਾਇਗੀ ਲਈ ਭੇਜ ਦੇਂਦਾ ਹੈ ।

ਜੇ ਗੈਰ-ਨਿਗਰਾਨ ਮਾਤਾ/ਪਿਤਾ ਨੇ ਸਾਂਝਾ ਟੈਕਸ ਰਿਟਰਨ ਜਮ੍ਹਾ ਕਰਾਇਆ ਹੋਵੇ ਤਾਂ ਤੁਹਾਨੂੰ ਪੈਸੇ ਭੇਜਣ ਤੋਂ ਪਹਿਲੇ DCS ਇਸ ਰਿਫੰਡ ਨੂੰ ਛੇ ਮਹੀਨੇ ਤਕ ਰੋਕ ਕੇ ਰੱਖ ਸਕਦਾ ਹੈ। DCS ਟੈਕਸ ਰਿਟਰਨ ਰੋਕ ਕੇ ਰੱਖ ਸਕਦਾ ਹੈ ਤਾਂ ਜੋ ਟੈਕਸ ਰਿਟਰਨ ਦਾ ਸੰਯੁਕਤ ਜਮ੍ਹਾਂਕਰਤਾ ਰਿਫੰਡ ਦਾ ਆਪਣਾ ਹਿੱਸਾ ਕਲੇਮ ਕਰ ਸਕੇ।

ਫ਼ੈਡਰਲ ਸਰਕਾਰ ਦੇ ਵਲੋਂ ਗੈਰ-ਨਿਗਰਾਨ ਮਾਤਾ/ਪਿਤਾ ਵੱਲ ਬਕਾਇਆ ਦੂਜੀਆਂ ਅਦਾਇਗੀਆਂ ਨੂੰ ਵੀ ਪੁਰਾਣੀ ਬਕਾਇਆ ਸੱਪੋਰਟ ਦੀ ਅਦਾਇਗੀ ਕਰਨ ਲਈ ਆਫ਼ਸੈਟ ਕੀਤਾ ਜਾ ਸਕਦਾ ਹੈ। ਜੇ ਗੈਰ-ਨਿਗਰਾਨ ਮਾਤਾ/ਪਿਤਾ ਵੱਲ ਘੱਟ ਤੋਂ ਘੱਟ **$**2,500.00 ਬਕਾਇਆ ਹੈ**,** ਤਾਂ ਫ਼ੈਡਰਲ ਸਰਕਾਰ ਗੈਰ-ਨਿਗਰਾਨ ਮਾਤਾ/ਪਿਤਾ ਨੂੰ ਪਾਸਪੋਰਟ ਦੇਣ ਤੋਂ ਮਨ੍ਹਾਂ ਕਰ ਸਕਦੀ ਹੈ।

**ਰਕਮ ਦੀ ਵੰਡ**

ਸੱਪੋਰਟ ਰਕਮਾਂ ਦੀ ਵੰਡ ਬਾਰੇ ਫੈਡਰਲ ਅਤੇ ਸਟੇਟ ਪੱਧਰ ਤੇ ਸਖਤ ਨੇਮ ਹਨ। ਸੱਪੋਰਟ ਰਕਮ ਦੀ ਵੰਡ ਕਿਵੇਂ ਕੀਤੀ ਜਾਵੇ, ਇਸਦਾ ਫੈਸਲਾ ਕਰਨ ਲਈ DCS ਰਕਮ ਦੀ ਪ੍ਰਾਪਤੀ ਦੀ ਤਾਰੀਖ ਦੀ ਵਰਤੋਂ ਕਰਦਾ ਹੈ। ਸੱਪੋਰਟ ਆਰਡਰ ਦਾ ਕੋਈ ਵੀ ਪੱਖ ਰਕਮ ਦੀ ਅਦਾਇਗੀ ਦੇ ਅਰਸੇ ਦੀ ਚੋਣ ਨਹੀਂ ਕਰ ਸਕਦਾ।

1. ਹਰ ਮਹੀਨੇ ਜੋ ਵੀ ਪੈਸਾ ਮਿਲਦਾ ਹੈ, IRS ਵਲੋਂ ਮਿਲੀ ਟੈਕਸ ਰਿਫੰਡ ਦੀ ਰਕਮ ਨੂੰ ਛੱਡ ਕੇ, DCS ਉਸ ਨਾਲ ਸਭ ਤੋਂ ਪਹਿਲਾਂ ਉਸ ਮਹੀਨੇ ਦੀ ਵਰਤਮਾਨ ਸੱਪੋਰਟ ਰਕਮ ਦੀ ਅਦਾਇਗੀ ਕਰੇਗਾ। IRS ਅਦਾਇਗੀਆਂ ਸਿਰਫ਼ ਪੁਰਾਣੀ ਬਕਾਇਆ ਚਾਈਲਡ ਸੱਪੋਰਟ 'ਤੇ ਲਾਗੂ ਹੁੰਦੀਆਂ ਹਨ।

2. ਜੇ ਤੁਹਾਨੂੰ ਛੋਟੇ ਬੱਚਿਆਂ ਦੇ ਨਿਗਰਾਨ ਵਜੋਂ ਕਦੇ ਵੀ TANF, ਕਬੀਲੇ ਵਾਲਾ TANF ਜਾਂ AFDC ਨਹੀਂ ਮਿਲਿਆ, ਤਾਂ DCS ਸਾਲਾਨਾ ਫੀਸ ਵਜੋਂ $35 ਆਪਣੇ ਕੋਲ ਰੱਖ ਸਕਦਾ ਹੈ। ਹਰ ਸਾਲ 1 ਅਕਤੂਬਰ ਤੋਂ 30 ਸਿਤੰਬਰ ਦੇ ਵਿਚਕਾਰ ਸੱਪੋਰਟ ਦੀ ਰਕਮ ਵਜੋਂ ਤੁਹਾਨੂੰ $550 ਦੇਣ ਦੇ ਬਾਅਦ DCS ਫੀਸ ਵਸੂਲ ਕਰੇਗਾ।

3. ਜੇ DCS ਨੂੰ ਮੌਜੂਦਾ ਸੱਪੋਰਟ ਰਕਮ ਤੋਂ ਜ਼ਿਆਦਾ ਮਿਲਦਾ ਹੈ, ਤਾਂ ਵਾਧੂ ਭੁਗਤਾਨ ਨੂੰ DCS ਪਿਛਲੀ ਬਕਾਇਆ ਰਕਮ ਵਜੋਂ ਦੇਵੇਗਾ।

4. ਜੇ ਗੈਰ-ਨਿਗਰਾਨ ਮਾਤਾ/ਪਿਤਾ ਇੱਕ ਤੋਂ ਵੱਧ ਪਰਿਵਾਰਾਂ ਨੂੰ ਵਰਤਮਾਨ ਸੱਪੋਰਟ ਰਕਮ ਦੇ ਦੇਣਦਾਰ ਹਨ, ਤਾਂ DCS ਪਹਿਲਾਂ ਸਾਰੇ ਪਰਿਵਾਰਾਂ ਨੂੰ ਵਰਤਮਾਨ ਸੱਪੋਰਟ ਰਕਮ ਦੀ ਅਦਾਇਗੀ ਕਰੇਗਾ ਅਤੇ ਬਾਅਦ ਵਿੱਚ ਪਿਛਲੀ ਬਕਾਇਆ ਰਕਮ ਦੇਵੇਗਾ। ਨਾ ਤੁਸੀਂ ਅਤੇ ਨਾ ਹੀ ਗੈਰ-ਨਿਗਰਾਨ ਮਾਤਾ/ਪਿਤਾ ਇਸ ਗੱਲ ਦਾ ਫੈਸਲਾ ਕਰ ਸਕਦੇ ਹੋ ਕਿ DCS ਨੇ ਰਕਮ ਦੀ ਵੰਡ ਕਿਵੇਂ ਕਰਨੀ ਹੈ।
   - ਉਪਰਲੇ ਨੇਮ ਲਈ ਇੱਕ ਛੋਟ ਹੈ। ਗੈਰ-ਨਿਗਰਾਨ ਮਾਤਾ/ਪਿਤਾ ਉਸ ਹਾਲਤ ਵਿੱਚ ਰਕਮ ਦੀ ਵੰਡ ਤੈਅ ਕਰ ਸਕਦੇ ਹਨ ਜਦੋਂ ਇਹ PSO ਵਾਲਾ ਮਾਮਲਾ ਹੋਵੇ। PSO ਤੋਂ ਭਾਵ ਅਜੇਹੇ ਮਾਮਲੇ ਹਨ ਜਦੋਂ DCS ਸਿਰਫ ਰਿਕਾਰਡ ਰੱਖਣ ਅਤੇ ਪੈਸੇ ਵੰਡਣ ਦਾ ਕੰਮ ਕਰਦਾ ਹੈ ਪਰ ਸੱਪੋਰਟ ਆਰਡਰ ਦੀ ਤਾਮੀਲ ਨਹੀਂ ਕਰਵਾਉਂਦਾ।

ਵਰਤਮਾਨ ਸੱਪੋਰਟ ਰਕਮਾਂ DCS ਤੁਹਾਨੂੰ ਭੇਜੇਗਾ। ਜੇ ਤੁਸੀਂ ਡਾਇਰੈਕਟ ਡਿਪਾਜ਼ਿਟ ਲਈ ਸਹਿਮਤ ਹੁੰਦੇ ਹੋ ਤਾਂ DCS ਇਲੈਕਟ੍ਰੌਨਿਕ ਫੰਡ ਟ੍ਰਾਂਸਫਰ (EFT) ਰਾਹੀਂ ਰਕਮ ਸਿੱਧਾ ਤੁਹਾਡੇ ਖਾਤੇ ਵਿੱਚ ਜਮ੍ਹਾ ਕਰਾਏਗਾ।

**ਨੋਟਿਸ:** **ਜੇ ਤੁਸੀਂ ਸਿੱਧੇ ਡਿਪਾਜ਼ਿਟ ਦਾ ਅਧਿਕਾਰ ਨਹੀਂ ਦੇਂਦੇ ਤਾਂ DCS ਤੁਹਾਨੂੰ ਆਪਣੇ ਆਪ, ਭਰੀ ਹੋਈ ਰਕਮ ਵਾਲਾ ਵੀਜ਼ਾ ਡੈਬਿਟ ਕਾਰਡ, ਜਿਸਨੂੰ DCS** ਡੈਬਿਟ **ਕਾਰਡ ਕਹਿੰਦੇ ਹਨ, ਭੇਜ ਦੇਵੇਗਾ।** ਜੇ ਤੁਹਾਡੇ ਕੋਲ ਡੈਬਿਟ ਕਾਰਡ ਹੈ ਤਾਂ DCS ਡਿਪਾੱਜ਼ਿਟਾਂ ਤੁਹਾਡੀ ਚਾਈਲਡ ਸੱਪੋਰਟ ਦੀ ਰਕਮ ਤੁਹਾਡੇ ਬੈਂਕ ਖਾਤੇ ਦੀ ਬਜਾਏ ਇਸ ਕਾਰਡ ਵਿੱਚ ਜਮ੍ਹਾ ਕਰਾਏਗਾ। ਜ਼ਿਆਦਾਤਰ ਮਾਮਲਿਆਂ ਵਿੱਚ, ਜਦੋਂ DCS ਤੁਹਾਡੇ ਮਾਮਲੇ ਦੀ ਚਾਈਲਡ ਸੱਪੋਰਟ ਰਕਮ ਨੂੰ ਦਰਜ ਕਰ ਦੇਂਦਾ ਹੈ ਤਾਂ ਉਸਦੇ ਬਾਅਦ ਤਿੰਨ ਕਾਰਜਕਾਰੀ ਦਿਨਾਂ ਦੇ ਅੰਦਰ ਇਹ ਪੈਸਾ ਤੁਹਾਡੇ ਬੈਂਕ ਖਾਤੇ ਜਾਂ ਤੁਹਾਡੇ DCS ਡੈਬਿਟ ਕਾਰਡ ਵਿੱਚ ਆ ਜਾਂਦਾ ਹੈ। DCS ਡੈਬਿਟ ਕਾਰਡ ਦੀ ਵਰਤੋਂ ਤੁਸੀਂ ਕਿਸੇ ਵੀ ਅਜੇਹੀ ਥਾਂ ਤੇ, ਜਿੱਥੇ ਵੀਜ਼ਾ ਨੂੰ ਸਵੀਕਾਰ ਕਰਦੇ ਹਨ, ਅਤੇ ATM ਮਸ਼ੀਨਾਂ ਲਈ, ਕਰ ਸਕਦੇ ਹੋ। ਤੁਸੀਂ ਇਲੈਕਟ੍ਰੌਨਿਕ ਭੁਗਤਾਨਾਂ ਬਾਰੇ ਹੋਰ ਜਾਣਕਾਰੀ ਲੈ ਸਕਦੇ ਹੋ। ਰਕਮਾਂ ਪ੍ਰਾਪਤ ਕਰਨ ਦੇ ਆਪਣੇ ਦੂਜੇ ਤਰੀਕਿਆਂ ਬਾਰੇ ਹੋਰ ਪਤਾ ਲਾਉਣ ਲਈ 800-468-7422 ਨੰਬਰ ਤੇ ਫੋਨ ਕਰਕੇ ਜਾਂ ਔਨਲਾਈਨ www.dshs.wa.gov/dcs ਵੇਖੋ।

ਪਿਛਲੀ ਬਕਾਇਆ ਰਕਮਾਂ ਤੁਹਾਨੂੰ ਮਿਲ ਵੀ ਸਕਦੀਆਂ ਹਨ ਅਤੇ ਨਹੀਂ ਵੀ ਮਿਲ ਸਕਦੀਆਂ।

1. ਜੇ ਤੁਹਾਨੂੰ ਅਤੇ ਤੁਹਾਡੇ ਬੱਚੇ/ਬੱਚਿਆਂ ਨੂੰ ਜਨਤਕ ਸਹਾਇਤਾ ਕਦੇ ਵੀ ਨਹੀਂ ਮਿਲੀ ਤਾਂ ਤੁਹਾਨੂੰ DCS ਪੈਸੇ ਭੇਜੇਗਾ।
2. ਜੇ ਤੁਹਾਨੂੰ ਜਨਤਕ ਸਹਾਇਤਾ ਮਿਲੀ ਹੈ ਅਤੇ ਕਿਸੇ ਵੀ ਅਧਿਕਾਰ ਖੇਤਰ ਦੇ ਸਪੁਰਦ ਕੀਤਾ ਕੋਈ ਰਿਣ ਨਹੀਂ ਹੈ ਤਾਂ ਤੁਹਾਨੂੰ DCS ਪੈਸੇ ਭੇਜੇਗਾ।
3. ਜੇ ਤੁਹਾਨੂੰ ਪਹਿਲਾਂ ਜਨਤਕ ਸਹਾਇਤਾ ਮਿਲੀ ਹੈ ਤਾਂ ਜਨਤਕ ਸਹਾਇਤਾ ਮਿਲਣੀ ਬੰਦ ਹੋਣ ਦੇ ਬਾਅਦ ਮਿਲਣ ਵਾਲੀ ਪਿਛਲੀ ਬਕਾਇਆ ਸੱਪੋਰਟ ਰਕਮ ਨੂੰ DCS ਹੇਠਲੇ ਤਰੀਕੇ ਨਾਲ ਵੰਡੇਗਾ:
   a. ਸਭ ਤੋਂ ਪਹਿਲਾਂ, ਤੁਹਾਡੇ ਵਲ ਅਜੇਹੀ ਪੁਰਾਣੀ ਬਕਾਇਆ ਸੱਪੋਰਟ ਜੋ ਕਦੇ ਸਟੇਟ ਦੇ ਸਪੁਰਦ ਨਹੀਂ ਕੀਤੀ ਗਈ।
   b. ਦੂਜਾ, ਕੋਈ ਅਜੇਹੀ ਪੁਰਾਣੀ ਬਕਾਇਆ ਸੱਪੋਰਟ ਜੋ ਵਕਤੀ ਤੌਰ ਤੇ ਸਟੇਟ ਦੇ ਸਪੁਰਦ 1 ਅਕਤੂਬਰ 1997 ਨੂੰ ਜਾਂ ਉਸਦੇ ਬਾਅਦ ਅਤੇ 1 ਅਕਤੂਬਰ 2008 ਤੋਂ ਪਹਿਲਾਂ ਕੀਤੀ ਗਈ ਸੀ ਅਤੇ ਜੋ ਹੇਠਾਂ ਭਾਗ c ਵਿੱਚ ਦੱਸੀਆਂ ਗਈਆਂ ਸਥਾਈ ਤੌਰ ਤੇ ਪੁਰਾਣੀ ਬਕਾਇਆ ਸੱਪੋਰਟ ਦਾ ਹਿੱਸਾ ਨਹੀਂ ਸੀ।
   c. ਤੀਜਾ, ਬੱਚੇ(ਬੱਚਿਆਂ) ਦੀ ਮੈਡੀਕਲ ਸੱਪੋਰਟ ਲਈ ਤੁਹਾਡੇ ਵੱਲ ਬਕਾਇਆ ਕੋਈ ਪੁਰਾਣੀ ਸੱਪੋਰਟ।
   d. ਚੌਥਾ, ਕੋਈ ਅਜੇਹੀ ਪੁਰਾਣੀ ਬਕਾਇਆ ਸੱਪੋਰਟ ਜੋ 1 ਅਕਤੂਬਰ 1997 ਤੋਂ ਪਹਿਲਾਂ ਕਿਸੇ ਜਨਤਕ ਸਹਾਇਤਾ ਸਪੁਰਦਗੀ ਰਾਹੀਂ ਸਥਾਈ ਤੌਰ ਤੇ ਸਟੇਟ ਦੇ ਸਪੁਰਦ ਕੀਤੀ ਗਈ, ਜਾਂ ਉਸ ਤਾਰੀਖ ਦੇ ਬਾਅਦ ਸਪੁਰਦ ਕੀਤੀ ਗਈ ਕਿਉਂਕਿ ਉਸ ਮਹੀਨੇ ਤੁਹਾਨੂੰ ਜਨਤਕ ਸਹਾਇਤਾ ਗ੍ਰਾਂਟ ਦਿੱਤੀ ਗਈ ਸੀ।
   e. ਪੰਜਵਾਂ, ਸਟੇਟ ਦੇ ਸਪੁਰਦ ਕੀਤੀ ਗਈ ਕੋਈ ਪੁਰਾਣੀ ਪ੍ਰਾਪਤੀ-ਯੋਗ ਬੱਚੇ ਦੀ ਮੈਡੀਕਲ ਸੱਪੋਰਟ।
   f. IRS ਵਲੋਂ ਮਿਲੀਆਂ ਰਕਮਾਂ ਨੂੰ ਤੁਹਾਡੇ ਵੱਲ ਬਕਾਇਆ ਕਿਸੇ ਵੀ ਪੁਰਾਣੀ ਬਕਾਇਆ ਸੱਪੋਰਟ ਵਿੱਚ ਵੰਡੇ ਜਾਣ ਤੋਂ ਪਹਿਲਾਂ ਪੁਰਾਣੀ ਬਕਾਇਆ ਸੱਪੋਰਟ ਅਤੇ ਰਾਜ ਨੂੰ ਸਪੁਰਦ ਕੀਤੀ ਪੁਰਾਣੀ ਬਕਾਇਆ ਮੈਡੀਕਲ ਸੱਪੋਰਟ ਲਈ ਵੰਡਿਆ ਜਾਵੇਗਾ।
4. ਜੇ ਗੈਰ-ਨਿਗਰਾਨ ਮਾਤਾ/ਪਿਤਾ ਇੱਕ ਤੋਂ ਵੱਧ ਪਰਿਵਾਰ ਨੂੰ ਪਿਛਲੀ ਬਕਾਇਆ ਸੱਪੋਰਟ ਰਕਮ ਦੇ ਦੇਣਦਾਰ ਹਨ ਤਾਂ DCS ਵਸੂਲ ਕੀਤੀ ਰਕਮ ਨੂੰ ਪਰਿਵਾਰਾਂ ਦੇ ਵਿਚਕਾਰ ਉਸੇ ਅਨੁਪਾਤ ਵਿੱਚ ਵੰਡ ਦੇਂਦੀ ਹੈ।

## ਰਕਮ ਦੀ ਵਸੂਲੀ

RCW 26.23.035(3) ਅਤੇ 74.20A.270 ਦੇ ਮੁਤਾਬਕ, DCS ਤੁਹਾਡੇ ਕੋਲੋਂ ਉਹਨਾਂ ਰਕਮਾਂ ਦੀ ਵਸੂਲੀ ਕਰਦਾ ਹੈ, ਜਿਨ੍ਹਾਂ ਦਾ ਤੁਹਾਨੂੰ ਗਲਤੀ ਨਾਲ ਵਾਧੂ ਭੁਗਤਾਨ ਜਾਂ ਭੁਗਤਾਨ ਭੇਜਿਆ ਗਿਆ ਸੀ।

1. DCS ਵਲੋਂ ਤੁਹਾਨੂੰ ਭੇਜੀਆਂ ਗਈਆਂ ਰਕਮਾਂ, ਤੁਹਾਨੂੰ ਵਾਪਸ ਕਰਨੀਆਂ ਚਾਹੀਦੀਆਂ ਹਨ, ਜੇ:
   a. DCS ਨੇ ਤੁਹਾਨੂੰ ਰਕਮ ਗਲਤੀ ਨਾਲ ਭੇਜੀ ਹੈ।
   b. DCS ਨੇ ਤੁਹਾਨੂੰ ਉਸ ਰਕਮ ਨਾਲੋਂ ਵੱਧ ਭੁਗਤਾਨ ਕੀਤਾ ਹੈ ਜੋ ਗੈਰ-ਨਿਗਰਾਨ ਮਾਤਾ/ਪਿਤਾ ਵਲੋਂ ਤੁਹਾਨੂੰ ਦੇਣੀ ਬਣਦੀ ਸੀ, ਜਿਸਨੂੰ ਓਵਰ-ਪੇਮੈਂਟ ਵੀ ਕਹਿੰਦੇ ਹਨ।
2. ਜੇ ਤੁਹਾਡਾ ਸਿਰਫ਼ ਭੁਗਤਾਨ ਸੇਵਾਵਾਂ ਦਾ (PSO) ਕੇਸ ਹੈ, ਤਾਂ DCS ਤੁਹਾਡੇ ਭਵਿੱਖ ਦੇ ਭੁਗਤਾਨਾਂ ਦੀ ਰਕਮ ਰੋਕ ਕੇ, ਪਹਿਲਾਂ ਵਾਧੂ ਭੁਗਤਾਨ ਅਤੇ ਭੁਗਤਾਨਾਂ ਦੀ ਵਸੂਲੀ ਕਰੇਗਾ, ਜੋ ਤੁਹਾਨੂੰ ਗ਼ਲਤੀ ਨਾਲ ਭੇਜੀਆਂ ਗਈਆਂ ਸੀ। RCW 26.23.035(3) ਸਾਨੂੰ ਇਹ ਕਾਰਵਾਈ, ਬਿਨਾ ਤੁਹਾਨੂੰ ਨੋਟਿਸ ਦਿੱਤੇ, ਕਰਨ ਦੀ ਇਜਾਜ਼ਤ ਦੇਂਦਾ ਹੈ।
   a. ਭਵਿੱਖ ਵਿਚ ਮਿਲਣ ਵਾਲੇ ਚਲੰਤ ਸੱਪੋਰਟ ਭੁਗਤਾਨਾਂ ਦਾ 10 ਪ੍ਰਤਿਸ਼ਤ DCS ਆਪਣੇ ਆਪ ਰੋਕ ਲਵੇਗਾ।
   b. ਭਵਿੱਖ ਵਿਚ ਮਿਲਣ ਵਾਲੇ ਬਕਾਇਆ ਸੱਪੋਰਟ ਭੁਗਤਾਨਾਂ ਦਾ 100 ਪ੍ਰਤਿਸ਼ਤ DCS ਆਪਣੇ ਆਪ ਰੋਕ ਲਵੇਗਾ।
3. DCS ਵਾਧੂ ਭੁਗਤਾਨਾਂ ਅਤੇ ਭੁਗਤਾਨ, ਜੋ ਤੁਹਾਨੂੰ ਗਲਤੀ ਨਾਲ ਭੇਜੇ ਗਏ ਸੀ, ਦੀ ਵਸੂਲੀ ਲਈ RCW 74.20A.270 ਵਲੋਂ ਦਿੱਤੀ ਗਈ ਆਗਿਆ ਅਨੁਸਾਰ, ਹੋਰ ਰਕਮਾਂ ਦੀ ਵਸੂਲੀ ਲਈ ਕਾਰਵਾਈਆਂ ਕਰ ਸਕਦਾ ਹੈ। ਇਹ ਪ੍ਰਾਵਧਾਨ ਤਾਂ ਵੀ ਲਾਗੂ ਹੁੰਦੇ ਹਨ ਜਦ DCS ਰਾਹੀਂ ਸੱਪੋਰਟ ਦੇ ਭੁਗਤਾਨ ਤੁਹਾਨੂੰ ਮਿਲਣੇ ਬੰਦ ਹੋ ਚੁਕੇ ਹੁੰਦੇ ਹਨ। ਜੇ DCS ਇਸ ਕਾਰਵਾਈ ਦੀ ਚੋਣ ਕਰਦਾ ਹੈ ਤਾਂ ਉਹ ਤੁਹਾਨੂੰ ਨੋਟਿਸ ਭੇਜੇਗਾ। ਜੇ ਕੋਈ ਵੀ ਇਤਰਾਜ਼ ਨਹੀਂ ਕੀਤਾ ਜਾਂਦਾ ਹੈ ਤਾਂ DCS ਨੂੰ ਹੇਠਲੀਆਂ ਗੱਲਾਂ ਦੀ ਇਜਾਜ਼ਤ ਹੈ:
   a. ਤੁਹਾਡੇ ਨੌਕਰੀਦਾਤਾ ਜਾਂ ਕਿਸੇ ਹੋਰ ਵਿਅਕਤੀ ਜਾਂ ਸੰਸਥਾ ਨੂੰ, ਜਿਸ ਕੋਲ ਤੁਹਾਡੀ ਸੰਪੱਤੀ ਹੈ, ਸੱਪੋਰਟ ਲਈ ਤਨਖਾਹ ਰੋਕਣ ਦਾ ਹੁਕਮ ਭੇਜਣਾ ਇਹ ਹੁਕਮ ਤੁਹਾਡੇ ਨੌਕਰੀਦਾਤਾ, ਜਾਂ ਦੂਜੇ ਵਿਅਕਤੀ ਜਾਂ ਸੰਸਥਾ ਕੋਲੋਂ ਮੰਗ ਕਰੇਗਾ ਕਿ ਤੁਹਾਡੀ ਆਮਦਨੀ, ਤਨਖਾਹ ਅਤੇ ਸੰਪੱਤੀ ਵਿਚੋਂ ਸੱਪੋਰਟ ਦੀ ਉਹ ਰਕਮ ਰੋਕ ਲਈ ਜਾਏ ਜਿਸਦਾ ਭੁਗਤਾਨ ਗਲਤੀ ਨਾਲ ਜਾਂ ਓਵਰ-ਪੇਮੈਂਟ ਵਜੋਂ ਕੀਤਾ ਗਿਆ ਹੈ।
   b. ਤੁਹਾਡੀ ਜ਼ਮੀਨ-ਜਾਇਦਾਦ ਜਾਂ ਨਿੱਜੀ ਪ੍ਰਾਪਰਟੀ ਵਿਚ ਲੀਅਨ ਲਈ ਅਰਜ਼ੀ ਦੇਣਾ।
   c. ਚੈਪਟਰ 26.09,.26.18, 26.23 ਅਤੇ 74.20 RCW ਮੁਤਾਬਕ ਉਪਲਬਧ ਉਗਰਾਹੀ ਦੇ DCS ਦੇ ਕਿਸੇ ਵੀ ਦੂਜੇ ਤਰੀਕੇ ਦੀ ਵਰਤੋਂ ਕਰਨਾ।

### ਕਬੀਲਿਆਂ ਬਾਬਤ ਜਾਣਕਾਰੀ

ਜਦੋਂ ਤੀਕਰ DCS ਅਤੇ ਕਬੀਲੇ ਵਿਚਕਾਰ ਇਸ ਬਾਬਤ ਕੋਈ ਸਮਝੌਤਾ ਨਾ ਹੋਵੇ, ਇਸ ਫਾਰਮ ਵਿੱਚ ਦੱਸੇ DCS ਦੇ ਕਾਨੂੰਨ ਪਾਲਣ ਅਤੇ ਉਗਰਾਹੀ ਦੇ ਤਰੀਕੇ ਉਹਨਾਂ ਕਰਮਚਾਰੀਆਂ ਤੇ ਲਾਗੂ ਨਹੀਂ ਹੁੰਦੇ ਜੋ ਕਬੀਲਿਆਂ ਲਈ, ਕਬੀਲਿਆਂ ਦੀ ਮਲਕੀਅਤ ਵਾਲੇ ਬਿਜ਼ਨਸਾਂ ਵਿੱਚ ਜਾਂ ਰਿਜ਼ਰਵੇਸ਼ਨਾਂ ਵਿੱਚ ਮੌਜੂਦ ਇੰਡੀਅਨ ਮਲਕੀਅਤ ਵਾਲੇ ਬਿਜ਼ਨਸਾਂ ਵਿੱਚ ਕੰਮ ਕਰਦੇ ਹਨ। ਜੇ ਗੈਰ-ਨਿਗਰਾਨ ਮਾਤਾ/ਪਿਤਾ ਕਿਸੇ ਇੰਡੀਅਨ ਕਬੀਲੇ, ਕਬੀਲੇ ਦੀ ਮਲਕੀਅਤ ਵਾਲੇ ਬਿਜ਼ਨਸ ਜਾਂ ਰਿਜ਼ਰਵੇਸ਼ਨਾਂ ਵਿੱਚ ਮੌਜੂਦ ਇੰਡੀਅਨ ਮਲਕੀਅਤ ਵਾਲੇ ਬਿਜ਼ਨਸ ਦਾ ਕਰਮਚਾਰੀ ਹੈ ਤਾਂ DCS ਹੇਠਲੇ ਕੰਮ ਕਰ ਸਕਦਾ ਹੈ:

1. ਉਹ ਕਬੀਲੇ ਨੂੰ ਤੁਹਾਡੇ ਸੱਪੋਰਟ ਆਰਡਰ ਦੀ ਤਾਮੀਲ ਕਰਾਉਣ ਲਈ ਆਖ ਸਕਦਾ ਹੈ। DCS ਅਜੇਹਾ ਤਾਂ ਕਰੇਗਾ ਜੇ ਵਾਸ਼ਿੰਗਟਨ ਸਟੇਟ ਅਤੇ ਕਬੀਲੇ ਕੋਲ ਅਜੇਹਾ ਕਰਨ ਦੀ ਕੋਈ ਪ੍ਰਕਿਰਿਆ ਹੈ।
2. ਕਬੀਲੇ ਦੀ ਕਿਸੇ ਅਦਾਲਤ ਵਿੱਚ ਤੁਹਾਡੇ ਸੱਪੋਰਟ ਆਰਡਰ ਨੂੰ ਸਥਾਪਤ ਕਰਨ ਜਾਂ ਉਸਦੀ ਤਾਮੀਲ ਕਰਨ ਲਈ ਕਾਰਵਾਈ ਕਰਨ ਦੀ ਅਰਜ਼ੀ ਦੇ ਸਕਦਾ ਹੈ। ਜੇ DCS ਕਬੀਲੇ ਦੀ ਅਦਾਲਤ ਵਿੱਚ ਕਾਰਵਾਈ ਦਾ ਅਰਜ਼ੀ ਦੇਂਦਾ ਹੈ ਤਾਂ ਉਹ ਵਾਸ਼ਿੰਗਟਨ ਸਟੇਟ ਅਤੇ ਇੰਡੀਅਨ ਕਬੀਲਿਆਂ ਵਿਚਕਾਰ ਸਮਝੌਤਿਆਂ ਵਿੱਚ ਦੱਸੀਆਂ ਪ੍ਰਕਿਰਿਆਵਾਂ ਦੀ, ਜਾਂ ਕਬੀਲੇ ਦੀ ਅਦਾਲਤ ਦੀਆਂ ਮੌਜੂਦਾ ਪ੍ਰਕਿਰਿਆਵਾਂ ਦੀ ਵਰਤੋਂ ਕਰ ਸਕਦਾ ਹੈ।

ਜੇ ਤੁਹਾਡੇ ਮਾਮਲੇ ਵਿੱਚ ਹੇਠਲੀ ਕੋਈ ਗੱਲ ਲਾਗੂ ਹੁੰਦੀ ਹੈ ਤਾਂ DCS ਤੁਹਾਡੇ ਮਾਮਲੇ ਨੂੰ ਕਬੀਲੇ ਦੀ ਕਾਨੂੰਨ ਪਾਲਣਾ ਯੂਨਿਟ ਦੇ ਹਵਾਲੇ ਕਰ ਸਕਦਾ ਹੈ:

1. ਤੁਹਾਡੇ ਸੱਪੋਰਟ ਆਰਡਰ ਦਾ ਕੋਈ ਪੱਖ ਜਾਂ ਤੁਹਾਡਾ/ਤੁਹਾਡੇ ਬੱਚਾ/ਬੱਚੇ ਕਿਸੇ ਇੰਡੀਅਨ ਕਬੀਲੇ ਦੇ ਮੈਂਬਰ ਹਨ।
2. ਗੈਰ-ਨਿਗਰਾਨ ਮਾਤਾ/ਪਿਤਾ ਕਿਸੇ ਇੰਡੀਅਨ ਕਬੀਲੇ, ਕਬੀਲੇ ਦੀ ਮਲਕੀਅਤ ਵਾਲੇ ਬਿਜ਼ਨਸ, ਜਾਂ ਰਿਜ਼ਰਵੇਸ਼ਨ ਜਾਂ ਲੈਂਡ ਟ੍ਰਸਟ ਵਿੱਚ ਮੌਜੂਦ ਇੰਡੀਅਨ ਦੀ ਮਲਕੀਅਤ ਵਾਲੇ ਬਿਜ਼ਨਸ ਦਾ ਕਰਮਚਾਰੀ ਹੈ।
3. ਤੁਹਾਡੇ ਸੱਪੋਰਟ ਆਰਡਰ ਦਾ ਕੋਈ ਵੀ ਪੱਖ ਸਹਾਇਕ ਚਾਈਲਡ ਸੱਪੋਰਟ ਪ੍ਰਕਿਰਿਆ ਜਾਂ ਸਮਝੌਤੇ ਦੇ ਤਹਿਤ ਆਉਂਦਾ ਹੈ
4. ਤੁਹਾਡੇ ਸੱਪੋਰਟ ਆਰਡਰ ਦੇ ਕਿਸੇ ਵੀ ਪੱਖ ਨੂੰ ਕਬੀਲਿਆਂ ਦੇ TANF ਜਾਂ ਕਬਲਿਆਂ ਦੇ ਚਾਈਲਡ ਸੱਪੋਰਟ ਪ੍ਰੋਗਰਾਮ ਤੋਂ ਸੇਵਾ ਮਿਲਦੀ ਹੈ।
5. ਤੁਹਾਡੇ ਕੇਸ ਵਿੱਚ ਕਬੀਲਿਆਂ ਦੇ ਦੂਜੇ ਮੁੱਦੇ ਸ਼ਾਮਲ ਹਨ।

### ਚਾਈਲਡ ਸੱਪੋਰਟ ਤੇ ਅਸਰ ਪਾਣ ਵਾਲੇ ਕਾਨੂੰਨ ਅਤੇ ਨੀਤੀ

DCS ਦੁਆਰਾ ਦਿੱਤੀ ਜਾਣ ਵਾਲੀਆਂ ਸੇਵਾਵਾਂ *ਵਾਸ਼ਿੰਗਟਨ ਦੇ ਸੰਸ਼ੋਧਤ ਕੋਡ* (RCW) ਅਤੇ *ਵਾਸ਼ਿੰਗਟਨ ਪ੍ਰਸ਼ਾਸਨਕ ਕੋਡ* (WAC) ਦੇ ਹੇਠਲੇ ਅਧਿਆਏ ਨਿਯੰਤ੍ਰਤ ਕਰਦੇ ਹਨ:

ਚੈਪਟਰ 26.09 RCW
ਚੈਪਟਰ 26.18 RCW
ਚੈਪਟਰ 26.21A RCW
ਚੈਪਟਰ 26.23 RCW
ਚੈਪਟਰ 74.20 RCW
ਚੈਪਟਰ 74.20A RCW

ਚੈਪਟਰ 388-14A WAC

ਚਾਈਲਡ ਸੱਪੋਰਟ ਦੇ ਰਿਣ ਉੱਪਰ “ਹੱਦਬੰਦੀਆਂ ਦਾ ਕਾਨੂੰਨ” (statute of limitations) ਲਾਗੂ ਹੋ ਸਕਦਾ ਹੈ। ਜੇ ਇਹ ਲਾਗੂ ਹੋ ਜਾਂਦਾ ਹੈ, ਤਾਂ ਆਪਣੇ ਬਚਾਅ ਲਈ ਗੈਰ-ਨਿਗਰਾਨ ਮਾਤਾ/ਪਿਤਾ ਸੱਪੋਰਟ ਰਿਣ ਦੀ ਦਿੱਤੀ ਜਾਣ ਵਾਲੀ ਰਕਮ ਦੇ ਸਾਰੇ ਜਾਂ ਇੱਕ ਹਿੱਸੇ ਦੀ ਵਰਤੋਂ ਕਰਨ ਲਈ ਹੱਦਬੰਦੀਆਂ ਦੇ ਕਾਨੂੰਨ ਦੀ ਵਰਤੋਂ ਕਰ ਸਕਦੇ ਹਨ।

**ਟੈਲੀਫੋਨ ਕਾੱਲਾਂ**

ਆਪਣੇ ਕੇਸ ਦੇ ਬਾਰੇ ਜਾਣਕਾਰੀ ਪ੍ਰਾਪਤ ਕਰਨ ਲਈ ਸਵੈ-ਚਾਲਤ ਟੈਲੀਫੋਨ ਵਿਵਸਥਾ "KIDS" ਨੂੰ 800-442-5437 ਨੰਬਰ ਤੇ ਫੋਨ ਕਰੋ। ਕਿਰਪਾ ਕਰਕੇ ਇਸ ਵਿਵਸਥਾ ਦੀ ਵੱਧ ਤੋਂ ਵੱਧ ਵਰਤੋਂ ਕਰੋ। ਜੇ ਮਾਮਲਾ ਕੋਈ ਅਜੇਹਾ ਹੈ ਜਿਸਦਾ ਨਿਪਟਾਰਾ ਇਹ ਵਿਵਸਥਾ ਨਹੀਂ ਕਰ ਸਕਦੀ ਤਾਂ DCS ਦੇ ਉਸ ਦਫਤਰ ਨੂੰ ਫੋਨ ਕਰੋ ਜਿਸ ਕੋਲ ਤੁਹਾਡਾ ਕੇਸ ਹੈ। ਯਾਦ ਰੱਖੋ, ਟੈਲੀਫੋਨ ਕਾੱਲਾਂ, ਤੁਹਾਡੇ ਕੇਸ 'ਤੇ ਦੂਸਰੇ ਕਲੈਕਸ਼ਨ ਕੰਮ ਦਾ ਸਮਾਂ ਲੈ ਲੈਂਦੀਆਂ ਹਨ। ਕਾੱਲਾਂ ਦੀ ਗਿਣਤੀ ਘੱਟ ਹੋਣ ਨਾਲ DCS ਤੁਹਾਡੀ ਸੇਵਾ ਬਿਹਤਰ ਕਰ ਸਕਦਾ ਹੈ।

ਜੇ DCS ਨੂੰ ਸੰਪਰਕ ਕਰਨਾ ਤੁਹਾਡੇ ਲਈ ਬਹੁਤ ਹੀ ਜ਼ਿਆਦਾ ਜ਼ਰੂਰੀ ਹੈ ਤਾਂ ਹੇਠਾਂ ਦਿੱਤੇ ਟੈਲੀਫੋਨ ਨੰਬਰਾਂ ਦੀ ਵਰਤੋਂ ਕਰੋ। ਕਿਰਪਾ ਕਰਕੇ ਟੋਲ-ਫਰੀ ਨੰਬਰਾਂ ਦੀ ਵਰਤੋਂ ਸਿਰਫ ਲੰਮੀ ਦੂਰੀ ਦੀਆਂ ਕਾੱਲਾਂ ਲਈ ਕਰੋ। ਸੁਣਨ ਜਾਂ ਬੋਲਣ ਵਿੱਚ ਤਕਲੀਫ ਵਾਲੇ ਲੋਕਾਂ ਲਈ TTY/TDD ਸੇਵਾਵਾਂ ਉਪਲਬਧ ਹਨ।

| | | | |
|---|---|---|---|
| ਸਿਐਟਲ (Seattle): | (206) 341-7000 ਜਾਂ (800) 526-8658 | ਵੈਨਕੂਵਰ (Vancouver): | (360) 696-6100 ਜਾਂ (800) 345-9984 |
| ਟੈਕੋਮਾ (Tacoma): | (253) 597-3700 ਜਾਂ (800) 345-9976 | ਵੇਨਾਚੀ (Wenatchee): | (509) 886-6800 ਜਾਂ (800) 535-1113 |
| ਐਵਰੈਟ (Everett): | (425) 438-4800 ਜਾਂ (800) 729-7580 | ਯਾਕੀਮਾ (Yakima): | (509) 249-6000 ਜਾਂ (800) 441-0859 |
| ਸਪੋਕੈਨ (Spokane): | (509) 363-5000 ਜਾਂ (800) 345-9982 | ਓਲਿੰਪਿਆ (Olympia): | (360) 664-6900 ਜਾਂ (800) 345-9964 |
| ਕੈਨੇਵਿਕ (Kennewick): | (509) 374-2000 ਜਾਂ (800) 345-9981 | | |

ਇਲੈਕਟ੍ਰਾੱਨਿਕ ਭੁਗਤਾਨ ਬਾਰੇ ਜਾਣਕਾਰੀ ਲਈ 800-468-7422 ਨੰਬਰ ਤੇ ਫੋਨ ਕਰੋ ਜਾਂ DCS ਦੀ ਵੈਬਸਾਈਟ www.dshs.wa.gov/dcs ਵੇਖੋ। ਤੁਸੀਂ ਆਪਣੇ ਕੇਸ ਸਬੰਧਤ ਭੁਗਤਾਨ ਦਾ ਇਤਹਾਸ ਔਨਲਾਈਨ ਵੇਖਣ ਲਈ https://secureaccess.wa.gov ਤੇ ਰਜਿਸਟਰ ਕਰ ਸਕਦੇ ਹੋ।

ਨਸਲ, ਰੰਗ, ਮੂਲ ਦੇਸ਼, ਮੱਤ, ਧਰਮ, ਲਿੰਗ, ਉਮਰ ਜਾਂ ਅਸਮਰੱਥਾ ਦੇ ਕਾਰਨ ਨੌਕਰੀ, ਸੇਵਾਵਾਂ, ਜਾਂ ਪ੍ਰੋਗਰਾਮ ਦੀਆਂ ਸਰਗਰਮੀਆਂ ਵਿੱਚ ਕਿਸੇ ਵਿਅਕਤੀ ਨਾਲ ਵਿਤਕਰਾ ਨਹੀਂ ਕੀਤਾ ਜਾਵੇਗਾ। ਬੇਨਤੀ ਕਰਨ ਤੇ ਇਹ ਫਾਰਮ ਦੂਜੇ ਰੂਪਾਂ ਵਿੱਚ ਵੀ ਮਿਲ ਸਕਦਾ ਹੈ।